
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol :4 : # ਅੰਕ 173 19/11/2025 www.samajweekly.com samajweekly @samajweekly samajweekly

# ਹਜ਼ਾਰਾਂ ਬਿਨੈਕਾਰਾਂ ਦੇ ਕੈਨੇਡਾ ਦੀ PR ਲੈਣ ਦੇ ਸੁਪਨੇ ਹੋਏ ਚਕਨਾਚੂਰ

## ਓਨਟਾਰੀਓ ਨੇ ਸਕਿੱਲਡ ਟਰੇਡਜ਼ ਸਟਰੀਮ ਮੁਅੱਤਲ ਕੀਤਾ

**ਓਨਟਾਰੀਓ:** ਕੈਨੇਡਾ ਵਿੱਚ ਹਜ਼ਾਰਾਂ ਬਿਨੈਕਾਰਾਂ ਦੇ ਪੀ ਆਰ ਲੈਣ ਦੇ ਸੁਪਨੇ ਚਕਨਾਚੂਰ ਹੋ ਗਏ ਹਨੀ ਕੈਨੇਡਾ ਦੇ ਸੂਬੇ ਓਨਟਾਰੀਓ ਵੱਲੋਂ ਆਪਣੇ ਸੂਬਾਈ ਨੌਮੀਨੀ ਪ੍ਰੋਗਰਾਮ ਤਹਿਤ ਚਲਦੀ ਸਕਿੱਲਡ ਟਰੇਡਜ਼ ਸਟ੍ਰੀਮ ਮੁਅੱਤਲ ਕਰ ਦਿੱਤੀ ਗਈ ਹੈ। ਨਤੀਜੇ ਵਜੋਂ ਇਸ ਅਧੀਨ ਲੱਗੀਆਂ ਅਰਜ਼ੀਆਂ ਨੂੰ ਵਾਪਸ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਤੋਂ ਬਾਅਦ ਹਜ਼ਾਰਾਂ ਬਿਨੈਕਾਰ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨੀ

ਕੈਨੇਡਾ ਵਿੱਚ ਹਰ ਪ੍ਰੋਵਿੰਸ ਵੱਲੋਂ ਆਪਣਾ ਇਕ ਇਮੀਗ੍ਰੇਸ਼ਨ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਨੂੰ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪ੍ਰੋਵਿੰਸ ਇਸ ਨੂੰ ਆਪਣੀਆਂ ਲੋੜਾਂ ਦੇ ਹਿਸਾਬ ਨਾਲ ਚਲਾਉਂਦੀ ਹੈ। ਕਿਸੇ ਵੀ ਸੂਬੇ ਵਿੱਚ ਕੰਮ ਕਰਦੇ ਹੋਏ ਬਿਨੈਕਾਰ, ਆਪਣੀ ਪੜਾਈ, ਤਜ਼ਰਬੇ, ਭਾਸ਼ਾ ਦੀ ਮੁਹਾਰਤ ਅਤੇ ਜੌਬ ਆਫ਼ਰ ਆਦਿ ਦੇ ਆਧਾਰ ’ਤੇ ਸੂਬੇ ਨੂੰ ਪੀ ਆਰ ਦੀ ਅਰਜ਼ੀ ਦਿੰਦੇ ਹਨੀ ਸੂਬੇ ਵੱਲੋਂ ਪੀ ਐਨ ਪੀ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਬਿਨੈਕਾਰ ਫ਼ੈਡਰਲ ਪੱਧਰ 'ਤੇ ਪੀ ਆਰ ਦੀ ਅਰਜ਼ੀ ਦਿੰਦੇ ਹਨ ਅਤੇ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟ ਬਣ ਜਾਂਦੇ ਹਨੀ ਓਨਟਾਰੀਓ ਪੀਐਨਪੀ ਦੀ




ਇਸ ਸਟਰੀਮ ਵਿੱਚ ਅਰਜ਼ੀ ਦੇਣ ਲੈਣ ਬਿਨੈਕਾਰ ਕੋਲ ਟਰੇਡ (ਪਲੰਬਰ, ਇਲੈਕਟ੍ਰੀਸ਼ੀਅਨ, ਕਾਰਪੇਂਟਰ ਆਦਿ) ਦੀਆਂ ਸ਼੍ਰੇਣੀਆਂ ਵਿੱਚ ਘੱਟੋ ਘੱਟ ਇਕ ਸਾਲ ਦਾ ਤਜਰਬਾ ਹੋਣਾ ਚਾਹੀਦਾ ਸੀ ਇਹ ਤਜਰਬਾ ਅਰਜ਼ੀ ਦੇਣ ਦੇ ਦੋ ਸਾਲ ਦੇ ਸਮੇਂ ਵਿੱਚ ਹੋਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਫ਼ੈਡਰਲ ਸਰਕਾਰ ਵੱਲੋਂ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮਾਂ ਦੇ ਟੀਚਿਆਂ 'ਚ ਇਸ ਸਾਲ ਕਟੌਤੀ ਕੀਤੀ ਗਈ ਹੈ 2024 ਦੇ ਟੀਚਿਆਂ ਵਿੱਚ ਜਿੱਥੇ ਕੈਨੇਡਾ ਭਰ ਵਿੱਚ ਸੂਬਿਆਂ ਨੂੰ 1,10,000 ਸੀਟਾਂ ਦਿੱਤੀਆਂ ਗਈਆਂ ਸਨ, 2025 ਵਿੱਚ ਇਹ ਸੀਟਾਂ 55,000 ਰਹਿ ਗਈਆਂ ਹਨ। ਬਿਨੈਕਾਰਾਂ ਨੂੰ ਪ੍ਰੋਗਰਾਮ ਦੀਆਂ ਦੂਜੀਆਂ ਸਟ੍ਰੀਮਜ਼ ਤਹਿਤ ਅਰਜ਼ੀ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ ਓਨਟਾਰੀਓ ਇਮੀਗ੍ਰੇਸ਼ਨ ਪ੍ਰੋਗਰਾਮ ਦੇ ਇਸ ਫ਼ੈਸਲੇ ਤੋਂ ਬਾਅਦ ਹਜ਼ਾਰਾਂ ਬਿਨੈਕਾਰ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨੀ ਨੌਜਵਾਨਾਂ ਵੱਲੋਂ ਓਨਟਾਰੀਓ ਵਿੱਚ ਰੋਸ ਮੁਜ਼ਾਹਰੇ ਦੀ ਯੋਜਨਾ ਉਲੀਕੀ ਜਾ ਰਹੀ ਹੈ। ਓਨਟਾਰੀਓ ਪੀ ਐਨ ਪੀ ਮੈਨੇਜਮੈਂਟ ਮੁਤਾਬਕ ਸਟਰੀਮ ਦੀ ਸਮੀਖਿਆ ਕਰਨ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਪ੍ਰੋਗਰਾਮ ਦੀ ਸਮੀਖਿਆ ਵਿੱਚ ਅਰਜ਼ੀਆਂ ਵਿੱਚ ਧੋਖਾਧੜੀ ਹੋਣ ਦੇ ਦੋਸ਼ ਲਗਾਏ ਗਏ ਹਨੀ ਪ੍ਰੋਗਰਾਮ ਅਧੀਨ ਵਾਪਸ ਕੀਤੀਆਂ ਗਈਆਂ ਅਰਜ਼ੀਆਂ ਦੀ ਅਰਜ਼ੀ ਫੀਸ ਵਾਪਸ ਕਰਨ ਦਾ ਐਲਾਨ ਕੀਤਾ ਗਿਆ ਹੈ।

# ਟੈਰਿਫਸ ਤਮਾਸ਼ਾ : ਅਸਰ ਗੁਆ ਰਹੀ ਹੈ ਟਰੰਪ ਦੀ ਰਣਨੀਤੀ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਲਟ-ਫ਼ੇਰ ਜਾਰੀ ਹਨ। ਉਨ੍ਹਾਂ ਨੇ ਹੁਣ 200 ਦੇ ਕਰੀਬ ਖ਼ੁਰਾਕੀ ਵਸਤਾਂ ਦੀ ਬਰਾਮਦ ਉੱਤੇ ਮਹਿਸੂਲ ਦਰਾਂ ਵਿਚ ਕਟੌਤੀ ਕਰ ਦਿੱਤੀ ਹੈ। ਜਿਨ੍ਹਾਂ ਵਸਤਾਂ ਨੂੰ ਇਸ ਨਵੇਂ ਹੁਕਮ ਦੇ ਦਾਇਰੇ ਵਿਚ ਲਿਆਂਦਾ ਗਿਆ ਹੈ, ਉਨ੍ਹਾਂ ਵਿਚ ਕੌਫ਼ੀ, ਚਾਹ-ਪੱਤੀ, ਮਸਾਲੇ, ਟਮਾਟਰ, ਅੰਬ, ਕੇਲੇ ਅਤੇ ਫਲਾਂ ਦਾ ਜੂਸ ਆਦਿ ਸ਼ਾਮਲ ਹਨ। ਗਊ ਤੇ ਭੇਡ ਦੇ ਮਾਸ ਨੂੰ ਵੀ ਬਰਾਮਦੀ ਮਹਿਸੂਲ ਵਿਚ ਛੋਟ ਦਾ ਹੱਕਦਾਰ ਬਣਾਇਆ ਗਿਆ ਹੈ। ਇਨ੍ਹਾਂ ਸਾਰੀਆਂ ਵਸਤਾਂ ਉੱਤੇ ਬਰਾਮਦੀ ਮਹਿਸੂਲ ਵਿਚ ਛੋਟ ਦਾ ਹੱਕਦਾਰ ਬਣਾਇਆ ਗਿਆ। ਇਨ੍ਹਾਂ ਸਾਰੀਆਂ ਵਸਤਾਂ ਉੱਤੇ ਬਰਾਮਦੀ ਮਹਿਸੂਲ (ਜਾਂ ਟੈਰਿਫਸ) ਇਸ ਸਾਲ 2 ਅਪ੍ਰੈਲ ਨੂੰ ਲਾਇਆ ਗਿਆ ਸੀ। ਮਹਿਸੂਲ ਦੀਆਂ ਦਰਾਂ ਵੱਖ ਵੱਖ ਮੁਲਕਾਂ ਲਈ 18 ਤੋਂ 50 ਫ਼ੀ ਸਦੀ ਤਕ ਹਨ। ਕਿਸ ਕਿਸ ਵਸਤੂ ਦੇ ਮਹਿਸੂਲ ਵਿਚ ਕਿੰਨੀ ਕਟੌਤੀ ਕੀਤੀ ਜਾ ਰਹੀ ਹੈ ਜਾਂ ਕਿਸ ਨੂੰ ਮਹਿਸੂਲ ਤੋਂ ਮੁਕਤ ਕੀਤਾ ਜਾ ਰਿਹਾ ਹੈ, ਉਸ ਬਾਰੇ ਤਸਵੀਰ ਅਜੇ ਅਸਪਸ਼ਟ ਹੈ। ਟਰੰਪ ਸਿਰਫ਼ ਐਲਾਨ ਕਰਦੇ ਹਨ; ਇਨ੍ਹਾਂ ਐਲਾਨਾਂ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਹਰੇਕ ਮੱਦ ਵਲ ਪੂਰਾ ਧਿਆਨ ਦੇਣ ਅਤੇ ਹਰ ਵੇਰਵੇ ਨੂੰ ਸਪਸ਼ਟ ਕਰਨ ਦੀ ਸਿਰਦਰਦੀ ਅਮਰੀਕੀ ਵਣਜ ਮੰਤਰਾਲੇ ਦੇ ਕਾਰਿੰਦਿਆਂ ਦੀ ਹੁੰਦੀ ਹੈ। ਇਸ ਅਮਲ ਨੂੰ ਸਿਰੇ ਚੜ੍ਹਦਿਆਂ ਸਮਾਂ (ਘੱਟੋਘੱਟ 15 ਦਿਨ ਅਤੇ ਵੱਧ ਤੋਂ ਵੱਧ ਦੋ ਮਹੀਨੇ) ਲੱਗ ਜਾਂਦੇ ਹਨ। ਉਂਜ ਵੀ, ਅਜੇ ਤਕ ਬਜਟ ਅਲਾਟਮੈਂਟ ਨਾ ਹੋਣ ਕਾਰਨ ਅਮਰੀਕਾ ਸਰਕਾਰ ਪਿਛਲੇ 50 ਦਿਨਾਂ ਤੋਂ ਬੰਦ ਹੈ। ਉੱਥੇ ਸਿਰਫ਼ ਬਹੁਤ ਜ਼ਰੂਰੀ ਦਫ਼ਤਰੀ ਕੰਮ-ਕਾਜ ਚੱਲ ਰਿਹਾ ਹੈ, ਬਾਕੀ ਸਰਕਾਰੀ ਕੰਮ ਠੱਪ ਹਨ। ਅਜਿਹੀ ਸੂਰਤੇਹਾਲ ਵਿਚ ਟਰੰਪ ਦੇ ਐਲਾਨ ਬਾਰੇ ਸਹੀ ਤਸਵੀਰ ਸਾਹਮਣੇ ਆਉਣ ਨੂੰ ਸਮਾਂ ਲੱਗ ਸਕਦਾ ਹੈ।

ਐਸੀ ਸਥਿਤੀ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਦੇ ਐਲਾਨ ਤੋਂ ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਦਰਜਨਾਂ ਦੇਸ਼ ਰਾਹਤ ਮਹਿਸੂਸ ਕਰ ਰਹੇ ਹਨ। ਇਸ ਤੋਂ ਵੀ ਵੱਧ ਰਾਹਤ ਅਮਰੀਕੀ ਖ਼ਪਤਕਾਰਾਂ ਨੂੰ ਮਹਿਸੂਸ ਹੋਣੀ ਸੁਭਾਵਿਕ ਹੈ; ਅਗੱਸਤ ਮਹੀਨੇ ਤੋਂ ਉਨ੍ਹਾਂ ਦੇ ਘਰਾਂ ਦਾ ਰਾਸ਼ਨ ਦਾ ਬਿੱਲ ਅਚਾਨਕ 20 ਫ਼ੀ ਸਦੀ ਤਕ ਵੱਧ ਗਿਆ ਸੀ। ਦਰਅਸਲ, ਰਾਸ਼ਨ ਮਹਿੰਗਾ ਹੋਣ ਤੋਂ ਘਰਾਂ-ਗ੍ਰਹਿਸਥਾਂ ਵਿਚ ਉਭਰੇ ਰੋਸ ਨੇ ਹੀ ਟਰੰਪ ਨੂੰ ਟੈਰਿਫ਼ਸ ਮਾਮਲੇ ਵਿਚ ਪੈਰ ਪਿਛਾਂਹ ਖਿੱਚਣ ਲਈ



ਮਜਬੂਰ ਕੀਤਾ। ਜ਼ਿਕਰਯੋਗ ਹੈ ਕਿ ‘ਅਮਰੀਕਾ ਨੂੰ ਮੁੜ ਮਹਾਨ ਬਣਾਉ’ (ਮੈਗਾ) ਦੇ ਨਾਅਰੇ ਹੇਠ ਹਰ ਕਿਸਮ ਦੇ ਵਿਦੇਸ਼ੀ ਮਾਲ ਉਪਰ ਟੈਰਿਫਸ ਲਾਉਣ ਨੂੰ ਜਾਇਜ਼ ਦਸਦਿਆਂ ਰਾਸ਼ਟਰਪਤੀ ਟਰੰਪ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੇ ਫ਼ੈਸਲੇ ਰਾਹੀਂ ਭਾਵੇਂ ਅਮਰੀਕੀ ਲੋਕਾਂ ਨੂੰ ਦੋ ਕੁ ਮਹੀਨੇ ਲਈ ਘਰੇਲੂ ਵਸਤਾਂ ਮਹਿੰਗੀਆਂ ਮਿਲਣਗੀਆਂ, ਪਰ ਉਸ ਤੋਂ ਬਾਅਦ ਮੁਕਾਮੀ ਉਤਪਾਦਨ ਵਧਣ ਤੇ ਸਪਲਾਈ ਲੜੀ ਸੁਧਰਨ ਸਦਕਾ ਕੀਮਤਾਂ ਪੁਰਾਣੇ ਪੱਧਰ ’ਤੇ (ਜਾਂ ਉਸ ਤੋਂ ਨੀਵੀਆਂ) ਆ ਜਾਣਗੀਆਂ। ਅਜਿਹਾ ਹੋਇਆ ਨਹੀਂ। ਉਤਪਾਦਨ, ਮੰਗ ਦੀ ਪੱਧਰ ਤਕ ਪਹੁੰਚਣ ਵਿਚ ਸਮਾਂ ਲੈ ਲੈਂਦਾ ਹੈ ਅਤੇ ਇਹ ਸਮਾਂ-ਸੀਮਾ ਪੰਜ ਤੋਂ ਦਸ ਵਰ੍ਹਿਆਂ ਤਕ ਵੀ ਹੋ ਸਕਦੀ ਹੈ। ਉਂਜ ਵੀ, ਜੋ ਵਸਤਾਂ ਅਮਰੀਕੀ ਧਰਤੀ ’ਤੇ ਪੈਦਾ ਹੀ ਨਹੀਂ ਹੁੰਦੀਆਂ, ਉਹ ਤਾਂ ਵਿਦੇਸ਼ਾਂ ਤੋਂ ਹੀ ਮੰਗਵਾਉਣੀਆਂ ਪੈਣਗੀਆਂ। ਟਰੰਪ ਭਾਵੇਂ ਪੱਕਾ ਕਾਰੋਬਾਰੀ ਹੈ, ਪਰ ਉਹ ਵੱਖ ਵੱਖ ਬਰਾਮਦਕਾਰ ਦੇਸ਼ਾਂ ਉਪਰ ਟੈਰਿਫ਼ਸ ਠੋਸਣ ਸਮੇਂ ਇਹ ਭੁੱਲ ਗਿਆ ਕਿ ਉਨ੍ਹਾਂ ਦੇ ਉਤਪਾਦਾਂ ਦੇ ਬਦਲ ਅਮਰੀਕਾ ਵਿਚ ਜਾਂ ਤਾਂ ਪੈਦਾ ਨਹੀਂ ਹੁੰਦੇ ਅਤੇ ਜਾਂ ਫਿਰ ਅਮਰੀਕੀ ਪੈਦਾਵਾਰ, ਮੰਗ ਦੇ ਮੁਕਾਬਲੇ ਘੱਟ ਹੈ। ਖ਼ੁਰਾਕੀ ਵਸਤਾਂ, ਖ਼ਾਸ ਕਰ ਕੇ ਕੌਫ਼ੀ, ਚਾਹ-ਪੱਤੀ, ਮਿਰਚ-ਮਸਲਿਆਂ ਆਦਿ ਦੀਆਂ ਕੀਮਤਾਂ ਵਿਚ ਵਾਧੇ ਤੋਂ ਔਖੇ ਵੋਟਰਾਂ ਨੇ ਇਸੇ ਮਹੀਨੇ ਨਿਊਯਾਰਕ ਮਹਾਂਨਗਰ ਅਤੇ ਵਰਜੀਨੀਆ ਤੇ ਨਿਊ ਜਰਸੀ ਵਰਗੇ ਰਾਜਾਂ ਅੰਦਰਲੀਆਂ ਜ਼ਿਮਨੀ ਚੋਣਾਂ ਵਿਚ ਡੈਮੋਕਰੈਟਾਂ ਦੀ ਵਾਪਸੀ ਜਿਸ ਤਰ੍ਹਾਂ ਸੰਭਵ ਬਣਾਈ, ਉਸ ਨੇ ਟਰੰਪ ਦੇ ਕੱਟੜ ਪੈਰੋਕਾਰਾਂ ਨੂੰ ਵੀ ਚਿੰਤਾ ਵਿਚ ਪਾ ਦਿਤਾ। ਇਨ੍ਹਾਂ ਚੋਣ ਨਤੀਜਿਆਂ ਦਾ ਸਿੱਧਾ ਅਸਰ ਅਗਲੇ ਸਾਲ ਹੋਣ ਵਾਲੀਆਂ ਸੂਬਾਈ ਗਵਰਨਰਾਂ ਅਤੇ ਸੈਨੇਟ ਤੇ ਪ੍ਰਤੀਨਿਧ ਸਭਾ ਦੀਆਂ ਦੋ-ਸਾਲਾ ਚੋਣਾਂ ਉੱਤੇ ਪੈਣਾ ਯਕੀਨੀ ਹੈ। ਇਸੇ ਲਈ ਟਰੰਪ ਦੀ ਕਥਨੀ ਤੇ ਕਰਨੀ ਵਿਚ ਆਪਾ-ਵਿਰੋਧ ਵੱਧਦੇ ਜਾ ਰਹੇ ਹਨ।

# ਹੈਦਰਾਬਾਦ: ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਕ ਯਾਤਰੀ ਤੋਂ 1.2 ਕਿਲੋਗ੍ਰਾਮ ਸੋਨਾ ਕੀਤਾ ਜ਼ਬਤ

**ਹੈਦਰਾਬਾਦ।** ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਸ਼ਾਰਜਾਹ ਤੋਂ ਆਏ ਇੱਕ ਯਾਤਰੀ ਤੋਂ ਸ਼ਹਿਰ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ 1.2 ਕਿਲੋਗ੍ਰਾਮ ਭਾਰ ਦੀਆਂ 11 ਸੋਨੇ ਦੀਆਂ ਛੜਾਂ ਜ਼ਬਤ ਕੀਤੀਆਂ ਗਈਆਂ, ਜਿਨ੍ਹਾਂ ਦੀ ਕੀਮਤ 1.55 ਕਰੋੜ ਰੁਪਏ ਹੈ। ਡੀਆਰਆਈ ਅਧਿਕਾਰੀਆਂ ਨੇ ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕੀਤੀ। ਅਧਿਕਾਰੀ ਨੇ ਕਿਹਾ ਕਿ 14 ਨਵੰਬਰ, 2025 ਨੂੰ, ਸ਼ਾਰਜਾਹ ਤੋਂ ਆਏ ਇੱਕ ਯਾਤਰੀ ਨੂੰ ਗ੍ਰੀਨ ਚੈਨਲ ਪਾਰ ਕਰਨ ਤੋਂ ਬਾਅਦ ਆਰਜੀਆਈ ਹਵਾਈ ਅੱਡੇ ਦੇ ਅੰਤਰਰਾਸ਼ਟਰੀ ਆਗਮਨ ਹਾਲ ਵਿੱਚ ਰੋਕਿਆ ਗਿਆ ਸੀ। ਉਸਦੇ ਸਾਮਾਨ ਦੀ ਜਾਂਚ ਕਰਨ 'ਤੇ, ਅਧਿਕਾਰੀਆਂ ਨੂੰ ਇੱਕ ਸ਼ੱਕੀ ਲੋਹੇ ਦਾ ਡੱਬਾ ਮਿਲਿਆ, ਜਿਸਨੂੰ ਖੋਲ੍ਹਣ 'ਤੇ, 11 ਸੋਨੇ ਦੀਆਂ ਛੜਾਂ ਮਿਲੀਆਂ। ਯਾਤਰੀ ਨੇ ਸੋਨੇ ਦੀਆਂ ਛੜਾਂ ਨੂੰ ਕੱਪੜੇ ਦੇ




ਲੋਹੇ ਵਿੱਚ ਲੁਕਾਇਆ ਸੀ। ਅਧਿਕਾਰੀਆਂ ਨੇ ਬਾਅਦ ਵਿੱਚ ਚੀਜ਼ਾਂ ਜ਼ਬਤ ਕਰ ਲਈਆਂ। ਅਧਿਕਾਰੀਆਂ ਨੇ ਦੱਸਿਆ ਕਿ ਯਾਤਰੀ ਦੇ ਇਕਬਾਲੀਆ ਬਿਆਨ 'ਤੇ ਤੁਰੰਤ ਕਾਰਵਾਈ ਕਰਦੇ ਹੋਏ, ਡੀਆਰਆਈ ਦੀ ਨੇਲੋਰ ਯੂਨਿਟ ਦੇ ਅਧਿਕਾਰੀਆਂ ਨੇ ਤਾਲਮੇਲ ਅਤੇ ਤੇਜ਼ ਪ੍ਰਤੀਕਿਰਿਆ ਦਾ ਪ੍ਰਦਰਸ਼ਨ ਕਰਦੇ ਹੋਏ, ਆਂਧਰਾ ਪ੍ਰਦੇਸ਼ ਦੇ ਵਾਈਐਸਆਰ ਜ਼ਿਲ੍ਹੇ ਵਿੱਚ ਉਸਦੇ ਆਪਰੇਟਰ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਵਿਦੇਸ਼ੀ ਨਿਸ਼ਾਨਾਂ ਵਾਲੀਆਂ ਬਰਾਮਦ ਕੀਤੀਆਂ ਗਈਆਂ ਸੋਨੇ ਦੀਆਂ ਬਾਰਾਂ ਕਸਟਮ ਐਕਟ, 1962 ਦੀ ਧਾਰਾ 110 ਦੇ ਤਹਿਤ ਜ਼ਬਤ ਕੀਤੀਆਂ ਗਈਆਂ ਹਨ। ਯਾਤਰੀ ਅਤੇ ਸੋਨਾ ਆਰਡਰ ਕਰਨ ਵਾਲੇ ਵਿਅਕਤੀ ਨੂੰ ਕਸਟਮ ਐਕਟ, 1962 ਦੀ ਧਾਰਾ 104 ਦੇ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਸਬੰਧ ਵਿੱਚ ਹੋਰ ਜਾਂਚ ਸ਼ੁਰੂ ਕਰ ਦਿੱਤੀ ਹੈ।

# ਮੋਸਟ ਵਾਂਟੇਡ ਨਕਸਲੀ ਹਿਡਮਾ ਮਾਰਿਆ ਗਿਆ

**ਨਵੀਂ ਦਿੱਲੀ।** ਨਕਸਲਵਾਦ ਵਿਰੁੱਧ ਸਰਕਾਰ ਦੀ ਚੱਲ ਰਹੀ ਮੁਹਿੰਮ ਨੂੰ ਅੱਜ ਵੱਡੀ ਸਫਲਤਾ ਮਿਲੀ। ਅੱਜ ਆਂਧਰਾ ਪ੍ਰਦੇਸ਼ ਦੇ ਅਲੂਰੀ ਸੀਤਾਰਾਮਰਾਜੂ ਜ਼ਿਲ੍ਹੇ ਦੇ ਆਂਧਰਾ-ਓਡੀਸ਼ਾ ਸਰਹੱਦੀ ਖੇਤਰ ਵਿੱਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਚੋਟੀ ਦੇ ਮਾਓਵਾਦੀ ਕਮਾਂਡਰ ਮਾਡਵੀ ਹਿਡਮਾ ਸਮੇਤ 6 ਮਾਓਵਾਦੀ ਮਾਰੇ ਗਏ। ਹਿਡਮਾ ਨੂੰ ਭਾਰਤ ਵਿੱਚ ਸਭ ਤੋਂ ਵੱਧ ਲੋੜੀਂਦਾ ਮਾਓਵਾਦੀ ਕਮਾਂਡਰ ਮੰਨਿਆ ਜਾਂਦਾ ਸੀ। 43 ਸਾਲਾ ਹਿਡਮਾ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ (ਪੀਐਲਜੀਏ) ਦੀ ਬਟਾਲੀਅਨ ਨੰਬਰ 1 ਦੀ ਅਗਵਾਈ ਕਰਦਾ ਹੈ, ਜਿਸ ਨੂੰ ਸਭ ਤੋਂ ਘਾਤਕ ਮਾਓਵਾਦੀ ਹਮਲਾ ਯੂਨਿਟ ਮੰਨਿਆ ਜਾਂਦਾ ਹੈ। ਉਸ 'ਤੇ ਛੱਤੀਸਗੜ੍ਹ ਦੀ ਝਿਰਮ ਘਾਟੀ ਵਿੱਚ 2013 ਵਿੱਚ ਕਾਂਗਰਸ ਦੇ ਚੋਟੀ ਦੇ ਨੇਤਾਵਾਂ ਸਮੇਤ 27 ਲੋਕਾਂ ਦੀ ਹੱਤਿਆ ਵਿੱਚ ਸ਼ਾਮਲ ਹੋਣ ਦਾ ਵੀ ਸ਼ੱਕ ਸੀ। ਹਿਡਮਾ ਨੂੰ ਛੱਤੀਸਗੜ੍ਹ ਦੇ ਸੁਕਮਾ



ਵਿੱਚ 2021 ਵਿੱਚ 22 ਕੇਂਦਰੀ ਅਰਧ ਸੈਨਿਕ ਕਰਮਚਾਰੀਆਂ ਦੀ ਹੱਤਿਆ ਦਾ ਮਾਸਟਰਮਾਈਂਡ ਵੀ ਮੰਨਿਆ ਜਾਂਦਾ ਹੈ।




Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬੱਸ ਅੱਡੇ 'ਚ ਚੱਲੀਆਂ ਤਾਬੜ ਤੋੜ ਗੋਲੀਆਂ, ਇਕ ਜ਼ਖ਼ਮੀ

**ਅੰਮ੍ਰਿਤਸਰ । ਅੱਜ** ਸਵੇਰੇ ਅੰਮ੍ਰਿਤਸਰ ਬੱਸ ਅੱਡੇ 'ਤੇ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਬੱਸਾਂ ਦੇ ਸਮੇਂ ਨੂੰ ਲੈ ਕੇ ਝਗੜਾ ਅਚਾਨਕ ਹਿੰਸਾ ਵਿੱਚ ਬਦਲ ਗਿਆ ਅਤੇ ਗੋਲੀਆਂ ਚੱਲਣ ਲੱਗੀਆਂ। ਚਸ਼ਮਦੀਦਾਂ ਦੇ ਅਨੁਸਾਰ, ਦੋ ਵੱਖ-ਵੱਖ ਨਿੱਜੀ ਬੱਸਾਂ ਦੇ ਕਰਮਚਾਰੀ ਕੁੱਝ ਸਮੇਂ ਲਈ ਬਹਿਸ ਕਰ ਰਹੇ ਸਨ। ਸਥਿਤੀ ਉਦੋਂ ਵਿਗੜ ਗਈ ਜਦੋਂ ਇੱਕ ਧਿਰ ਨੇ ਗੁੱਸੇ ਵਿੱਚ ਆ ਕੇ ਹਥਿਆਰ ਕੱਢੇ ਅਤੇ ਗੋਲੀਬਾਰੀ ਕਰ ਦਿੱਤੀ। ਕਾਹਲੋਂ ਬੱਸ ਕਰਮਚਾਰੀ ਮੱਖਣ ਨੂੰ ਗੋਲੀਬਾਰੀ ਵਿੱਚ ਲਗਭਗ ਚਾਰ ਗੋਲੀਆਂ ਲੱਗੀਆਂ। ਲੋਕਾਂ ਦੇ ਅਨੁਸਾਰ, ਉਹ ਮੌਕੇ 'ਤੇ ਹੀ ਡਿੱਗ ਪਿਆ ਅਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਕਾਰਨ ਬੱਸ



ਅੱਡੇ 'ਤੇ ਯਾਤਰੀਆਂ ਅਤੇ ਦੁਕਾਨਦਾਰਾਂ ਵਿੱਚ ਭਗਦੜ ਮਚ ਗਈ। ਸੂਚਨਾ ਮਿਲਣ 'ਤੇ, ਪੁਲਿਸ ਤੁਰੰਤ ਘਟਨਾ ਸਥਾਨ 'ਤੇ ਪਹੁੰਚੀ, ਇਲਾਕੇ ਨੂੰ ਘੇਰ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਏ.ਸੀ.ਪੀ. ਗਗਨਦੀਪ ਨੇ ਦੱਸਿਆ ਕਿ ਉਨ੍ਹਾਂ ਨੂੰ ਬੱਸ ਅੱਡੇ 'ਤੇ ਗੋਲੀਬਾਰੀ ਬਾਰੇ ਫ਼ੋਨ ਆਇਆ, ਜਿਸ ਤੋਂ ਬਾਅਦ ਇੱਕ ਪੁਲਿਸ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਉਨ੍ਹਾਂ ਕਿਹਾ ਕਿ ਜ਼ਖ਼ਮੀ ਕਰਮਚਾਰੀ ਦੀ ਪਛਾਣ ਮੱਖਣ ਵਜੋਂ ਹੋਈ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਗੁਜਰਾਤ 'ਚ ਐਂਬੂਲੈਂਸ ਨੂੰ ਅੱਗ ਲੱਗਣ ਨਾਲ ਨਵਜੰਮੇ ਬੱਚੇ, ਡਾਕਟਰ ਸਮੇਤ 4 ਦੀ ਮੌਤ

**ਅਹਿਮਦਾਬਾਦ:** ਗੁਜਰਾਤ ਵਿੱਚ ਇੱਕ ਐਂਬੂਲੈਂਸ ਵਿੱਚ ਜ਼ਿੰਦਾ ਸੜਨ ਨਾਲ ਇੱਕ ਨਵਜੰਮੇ ਬੱਚੇ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਪਿਤਾ, ਇੱਕ ਡਾਕਟਰ ਅਤੇ ਇੱਕ ਨਰਸ ਸ਼ਾਮਲ ਹਨ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਨਵਜੰਮੇ ਬੱਚੇ ਨੂੰ ਅਰਾਵਲੀ ਤੋਂ ਅਹਿਮਦਾਬਾਦ ਲਿਜਾਇਆ ਜਾ ਰਿਹਾ ਸੀ। ਐਂਬੂਲੈਂਸ ਨੂੰ ਮੋਡਾਸਾ ਦੇ ਰਾਣਾ ਸਈਦ ਨੇੜੇ ਅੱਗ ਲੱਗ ਗਈ। ਇਹ ਘਟਨਾ ਸੋਮਵਾਰ ਦੇਰ ਰਾਤ ਵਾਪਰੀ। ਐਂਬੂਲੈਂਸ ਵਿੱਚ ਅਚਾਨਕ ਲੱਗੀ ਅੱਗ ਸੀਸੀਟੀਵੀ ਵਿੱਚ ਕੈਦ ਹੋ ਗਈ। ਐਂਬੂਲੈਂਸ ਵਿੱਚ ਲੱਗੀ ਅੱਗ ਇੰਨੀ ਭਿਆਨਕ ਸੀ ਕਿ ਪੈਟਰੋਲ ਪੰਪ 'ਤੇ ਮੌਜੂਦ ਲੋਕ ਵੀ ਕੁਝ ਨਹੀਂ ਕਰ ਸਕੇ। ਭਿਆਨਕ ਅੱਗ ਕਾਰਨ ਐਂਬੂਲੈਂਸ ਸੜ ਕੇ ਸੁਆਹ ਹੋ ਗਈ। ਸੂਚਨਾ 'ਤੇ ਪਹੁੰਚੀ ਫਾਇਰ ਬ੍ਰਿਗੇਡ ਨੇ ਅੱਗ ਬੁਝਾ ਦਿੱਤੀ ਪਰ ਸਾਰੀਆਂ ਜਾਨਾਂ ਨਹੀਂ ਬਚਾਈਆਂ ਜਾ ਸਕੀਆਂ। ਮੋਡਾਸਾ ਵਿੱਚ ਸੜਕ 'ਤੇ ਅੱਗ




ਲੱਗਣ ਵਾਲੀ ਐਂਬੂਲੈਂਸ ਅਹਿਮਦਾਬਾਦ ਦੇ ਔਰੇਂਜ ਹਸਪਤਾਲ ਦੀ ਹੈ। ਅਹਿਮਦਾਬਾਦ ਦੇ ਔਰੇਂਜ ਹਸਪਤਾਲ ਦੀ ਐਂਬੂਲੈਂਸ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਸੀਸੀਟੀਵੀ ਫੁਟੇਜ ਤੋਂ ਪਤਾ ਚੱਲਦਾ ਹੈ ਕਿ ਐਂਬੂਲੈਂਸ ਸੜਕ 'ਤੇ ਚੱਲ ਰਹੀ ਸੀ ਤਾਂ ਅਚਾਨਕ ਇੱਕ ਵੱਡੀ ਸਪਾਰਕਿੰਗ ਹੁੰਦੀ ਹੈ। ਇਸ ਤੋਂ ਬਾਅਦ ਡਰਾਈਵਰ ਐਂਬੂਲੈਂਸ ਨੂੰ ਰੋਕ ਦਿੰਦਾ ਹੈ ਪਰ ਅੱਗ ਇੰਨੀ ਤੇਜ਼ੀ ਨਾਲ ਫੈਲ ਜਾਂਦੀ ਹੈ ਕਿ ਸਾਰੇ ਯਾਤਰੀ ਬਚ ਨਹੀਂ ਸਕੇ। ਐਂਬੂਲੈਂਸ ਵਿੱਚ ਇੱਕ ਨਵਜੰਮੇ ਬੱਚੇ ਸਮੇਤ ਤਿੰਨ ਲੋਕ ਜ਼ਿੰਦਾ ਸੜ ਗਏ ਜਦੋਂ ਕਿ ਕੁਝ ਹੋਰ ਗੰਭੀਰ ਰੂਪ ਵਿੱਚ ਸੜ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਸਵੇਰੇ 1 ਵਜੇ ਦੇ ਕਰੀਬ ਵਾਪਰੀ। ਐਂਬੂਲੈਂਸ ਨੂੰ ਅੱਗ ਉਸ ਸਮੇਂ ਲੱਗ ਗਈ ਜਦੋਂ ਇਹ ਇੱਕ ਪੈਟਰੋਲ ਪੰਪ ਦੇ ਸਾਹਮਣੇ ਤੋਂ ਲੰਘ ਰਹੀ ਸੀ।

# ਮਹੀਨੇ 'ਚ 27 ਲੱਖ ਮਗਨਰੇਗਾ ਮਜ਼ਦੂਰਾਂ ਦੇ ਨਾਂ ਕੱਟੇ



**ਨਵੀਂ ਦਿਲੀ।** ਦੇਸ਼ ਭਰ ਵਿੱਚ 10 ਅਕਤੂਬਰ ਤੋਂ 14 ਨਵੰਬਰ ਵਿਚਾਲੇ ਮਗਨਰੇਗਾ ਦੇ ਤਕਰੀਬਨ 27 ਲੱਖ ਮਜ਼ਦੂਰਾਂ ਦੇ ਨਾਂ ਸੂਚੀ ਵਿੱਚੋਂ ਕੱਟ ਦਿੱਤੇ ਗਏ ਹਨ। ਸਿੱਖਿਆ ਸ਼ਾਸਤਰੀਆਂ ਅਤੇ ਕਾਰਕੁਨਾਂ ਦੇ ਗਰੁੱਪ ਲਿਬ ਟੈੱਕ ਇੰਡੀਆ ਨੇ ਆਪਣੀ ਰਿਪੋਰਟ ਵਿੱਚ ਇਸ ਨੂੰ 'ਬਹੁਤ ਅਸਾਧਾਰਨ' ਦੱਸਿਆ ਹੈ। ਰਿਪੋਰਟ ਅਨੁਸਾਰ ਇਹ ਵੱਡੇ ਪੱਧਰ 'ਤੇ ਕਟੌਤੀ ਉਸੇ ਵੇਲੇ ਹੋਈ ਹੈ ਜਦੋਂ ਪਹਿਲੀ ਨਵੰਬਰ 2025 ਤੋਂ ਇਸ ਯੋਜਨਾ ਤਹਿਤ ਈ-ਕੇ ਵਾਈ ਸੀ ਨੂੰ ਲਾਜ਼ਮੀ ਕੀਤਾ ਗਿਆ ਸੀ। ਇਸ ਦੌਰਾਨ ਸਿਰਫ਼ 10.5 ਲੱਖ ਨਵੇਂ ਮਜ਼ਦੂਰ ਹੀ ਇਸ ਯੋਜਨਾ ਨਾਲ ਜੁੜੇ, ਜਿਸ ਕਾਰਨ ਇੱਕ ਮਹੀਨੇ ਵਿੱਚ ਹੀ ਤਕਰੀਬਨ 17 ਲੱਖ ਮਜ਼ਦੂਰਾਂ ਦੀ ਗਿਣਤੀ ਘੱਟ ਗਈ। ਦੂਜੇ ਪਾਸੇ ਪੇਂਡੂ ਵਿਕਾਸ ਮੰਤਰਾਲੇ ਦਾ ਕਹਿਣਾ ਹੈ ਕਿ ਅਯੋਗ ਜਾਂ ਫਰਜ਼ੀ ਲਾਭਪਾਤਰੀਆਂ ਨੂੰ ਬਾਹਰ ਕੱਢਣ ਲਈ ਈ-ਕੇ ਵਾਈ ਸੀ ਲਾਜ਼ਮੀ ਕੀਤੀ ਗਈ ਹੈ।

# ਪਾਕਿਸਤਾਨ ਅਦਾਲਤ ਵੱਲੋਂ ਪੁਲੀਸ ਨੂੰ ਭਾਰਤੀ ਸਿੱਖ ਔਰਤ ਨੂੰ ਪ੍ਰੇਸ਼ਾਨ ਨਾ ਕਰਨ ਦੇ ਹੁਕਮ




**ਲਾਹੌਰ।** ਪਾਕਿਸਤਾਨ ਦੀ ਹਾਈ ਕੋਰਟ ਨੇ ਅੱਜ ਪੁਲੀਸ ਨੂੰ ਹੁਕਮ ਦਿੱਤਾ ਕਿ ਉਹ ਇੱਕ ਭਾਰਤੀ ਸਿੱਖ ਔਰਤ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ। ਇਸ ਔਰਤ ਨੇ ਇਸਲਾਮ ਧਰਮ ਅਪਣਾ ਕੇ ਇੱਥੋਂ ਦੇ ਇਕ ਸਥਾਨਕ ਮੁਸਲਿਮ ਵਿਅਕਤੀ ਨਾਲ ਨਿਕਾਹ ਕਰਵਾ ਲਿਆ ਸੀ। ਇਹ ਔਰਤ ਇਸ ਮੁਸਲਿਮ ਵਿਅਕਤੀ ਨੂੰ ਸੋਸ਼ਲ ਮੀਡੀਆ ਜ਼ਰੀਏ ਮਿਲੀ ਸੀ। ਦੱਸਣਾ ਬਣਦਾ ਹੈ ਕਿ 48 ਸਾਲਾ ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿੱਚੋਂ ਇੱਕ ਸੀ ਜੋ ਇਸ ਮਹੀਨੇ ਦੇ ਸ਼ੁਰੂ ਵਿੱਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨਾਲ ਸਬੰਧਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਾਹੀਂ ਪਾਕਿ-ਸਤਾਨ ਆਏ ਸਨ। ਇਹ ਸ਼ਰਧਾਲੂ 13 ਨਵੰਬਰ ਨੂੰ ਪਰਤ ਆਏ ਸਨ ਪਰ ਸਰਬਜੀਤ ਕੌਰ ਲਾਪਤਾ ਹੋ ਗਈ ਸੀ। ਲਾਹੌਰ ਦੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਬਾਅਦ ਵਿੱਚ ਕਿਹਾ ਕਿ ਸਰਬਜੀਤ ਕੌਰ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ ਲਾਹੌਰ ਤੋਂ ਲਗਪਗ 50 ਕਿਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਨਿਕਾਹ ਕਰਵਾ ਲਿਆ ਸੀ। ਜਦੋਂ ਸ਼ਰਧਾਲੂ ਨਨਕਾਣਾ ਸਾਹਿਬ ਗਏ ਸਨ ਤਾਂ ਸਰਬਜੀਤ ਕੌਰ ਸ਼ਰਧਾਲੂਆਂ ਨੂੰ ਛੱਡ ਕੇ ਹੁਸੈਨ ਨਾਲ ਸ਼ੇਖੂਪੁਰਾ ਪਹੁੰਚ ਗਈ ਸੀ। ਸਰਬਜੀਤ ਕੌਰ ਅਤੇ ਨਾਸਿਰ ਹੁਸੈਨ ਨੇ ਲਾਹੌਰ ਹਾਈ ਕੋਰਟ ਵਿੱਚ ਅੱਜ ਇੱਕ ਪਟੀਸ਼ਨ ਦਾਇਰ ਕੀਤੀ ਜਿਸ ਵਿੱਚ ਸ਼ਿਕਾਇਤ ਕੀਤੀ ਗਈ ਕਿ ਪੁਲੀਸ ਨੇ ਸ਼ੇਖੂਪੁਰਾ ਦੇ ਫਾਰੂਖਾਬਾਦ ਵਿੱਚ ਉਨ੍ਹਾਂ ਦੇ ਘਰ 'ਤੇ ਗੈਰ-ਕਾਨੂੰਨੀ ਢੰਗ ਨਾਲ ਛਾਪਾ ਮਾਰਿਆ ਹੈ ਅਤੇ ਉਨ੍ਹਾਂ 'ਤੇ ਨਿਕਾਹ ਨੂੰ ਸਮਾਪਤ ਕਰਨ ਲਈ ਦਬਾਅ ਪਾਇਆ। ਇਸ ਤੋਂ ਬਾਅਦ ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਖ ਹੈਦਰ ਨੇ ਪੁਲੀਸ ਨੂੰ ਪਟੀਸ਼ਨਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ। ਸਰਬਜੀਤ ਕੌਰ ਨੇ ਪਟੀਸ਼ਨ ਦਾਖਲ ਕਰ ਕੇ ਕਿਹਾ ਕਿ ਇੱਕ ਪੁਲੀਸ ਅਧਿਕਾਰੀ ਨੇ ਉਨ੍ਹਾਂ ਨੂੰ ਬੇਲੋੜਾ ਪ੍ਰੇਸ਼ਾਨ ਕੀਤਾ ਅਤੇ ਉਨ੍ਹਾਂ ਨੂੰ ਵਿਆਹ ਤੋੜਨ ਲਈ ਮਜਬੂਰ ਕੀਤਾ। ਉਸ ਨੇ ਕਿਹਾ ਕਿ ਉਸ ਦਾ ਪਤੀ ਪਾਕਿਸਤਾਨ ਦਾ ਨਾਗਰਿਕ ਹੈ ਅਤੇ ਉਸ ਨੇ ਆਪਣਾ ਵੀਜ਼ਾ ਵਧਾਉਣ ਅਤੇ ਪਾਕਿਸਤਾਨੀ ਨਾਗਰਿਕਤਾ ਹਾਸਲ ਕਰਨ ਲਈ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਹੈ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਕਲਿੱਪ ਵਿੱਚ ਉਸ ਨੇ ਕਿਹਾ ਕਿ ਉਹ ਫੇਸਬੁੱਕ ਰਾਹੀਂ ਪਿਛਲੇ ਨੌਂ ਸਾਲਾਂ ਤੋਂ ਹੁਸੈਨ ਦੇ ਸੰਪਰਕ ਵਿਚ ਸੀ।

ਸਰਬਜੀਤ ਕੌਰ ਨੇ ਕਿਹਾ, 'ਮੈਂ ਤਲਾਕਸ਼ੁਦਾ ਹਾਂ ਅਤੇ ਹੁਸੈਨ ਨਾਲ ਵਿਆਹ ਕਰਨਾ ਚਾਹੁੰਦੀ ਸੀ। ਇਸ ਲਈ, ਮੈਂ ਇੱਥੇ ਇਸ ਉਦੇਸ਼ ਲਈ ਆਈ ਹਾਂ। ਮੈਨੂੰ ਅਤੇ ਮੇਰੇ ਪਤੀ ਨੂੰ ਪੁਲੀਸ ਅਤੇ ਹੋਰ ਲੋਕਾਂ ਵਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਰਬਜੀਤ ਕੌਰ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਅਮਾਨੀਪੁਰ ਪਿੰਡ ਦੀ ਰਹਿਣ ਵਾਲੀ ਹੈ। ਪੰਜਾਬ ਪੁਲੀਸ ਵਲੋਂ ਉਸ ਦੇ ਲਾਪਤਾ ਹੋਣ ਦੀ ਜਾਂਚ ਕੀਤੀ ਜਾ ਰਹੀ ਹੈ। ਪਹਿਲਾਂ ਇਹ ਖਬਰਾਂ ਸਾਹਮਣੇ ਆਈਆਂ ਸਨ ਕਿ ਸਰਬਜੀਤ ਕੌਰ ਦਾ ਪਤੀ ਪਿਛਲੇ ਕਈ ਸਾਲਾਂ ਤੋਂ ਵਿਦੇਸ਼ ਵਿੱਚ ਰਹਿ ਰਿਹਾ ਹੈ। ਉਸ ਦੇ ਦੋ ਪੁੱਤਰ ਹਨ।

# ਹਲਕਾ ਚੱਬੇਵਾਲ ਦੇ 195 ਪਰਿਵਾਰਾਂ ਨੂੰ ਘਰ ਬਣਾਉਣ ਲਈ ਵੰਡੀ 2.92 ਕਰੋੜ ਦੀ ਰਾਸ਼ੀ - ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਨ ਸਭਾ ਹਲਕਾ ਚੱਬੇਵਾਲ ਦੇ ਲੋਕਾਂ ਤੱਕ ਸਾਰੀਆਂ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਅਸੀਂ ਵਚਨਬੱਧ ਹਾਂ ਅਤੇ ਇਸੇ ਕੜੀ ਤਹਿਤ ਅੱਜ ਹਲਕੇ ਦੇ 195 ਪਰਿਵਾਰਾਂ ਨੂੰ ਨਵੇਂ ਘਰਾਂ ਦੇ ਨਿਰਮਾਣ ਲਈ ਆਵਾਸ ਯੋਜਨਾ ਤਹਿਤ 2 ਕਰੋੜ 92 ਲੱਖ 50 ਹਜਾਰ ਰੁਪਏ ਦੀ ਰਕਮ ਵੰਡੀ ਗਈ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਹਰੇਕ ਲਾਭਪਾਤਰੀ ਪਰਿਵਾਰ ਨੂੰ 1.50 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਹੋਰ ਪਰਿਵਾਰਾਂ ਨੂੰ ਵੀ ਇਸੇ ਤਰ੍ਹਾਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਹਰੇਕ ਪਰਿਵਾਰ ਦੇ ਸਿਰ ਉੱਪਰ ਪੱਕੀ ਛੱਤ ਜ਼ਰੂਰ ਹੋਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਚੱਬੇਵਾਲ ਹਲਕੇ ਦੇ ਹੋਰ ਜਿੰਨੇ ਵੀ ਪਰਿਵਾਰਾਂ ਨੇ ਆਵਾਸ ਯੋਜਨਾ ਦਾ ਲਾਭ ਲੈਣ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਦੀਆਂ ਫਾਈਲਾਂ ਨੂੰ ਕਲੀਅਰ ਕਰਵਾਉਣ ਲਈ ਵੀ ਸਾਡੇ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ




ਪੰਜਾਬ ਦੀ ਆਪ ਸਰਕਾਰ ਸਮਾਜ ਦੇ ਹਰੇਕ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਦਿੱਤੇ ਜਾ ਰਹੇ ਹਨ ਤੇ ਦੂਜੇ ਪਾਸੇ ਹੁਸ਼ਿਆਰਪੁਰ ਤੋਂ ਆਪ ਦੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਲਗਾਤਾਰ ਆਪਣੇ ਅਖ਼ਤਿਆਰੀ ਫੰਡ ਵਿਚੋ ਗ੍ਰਾਂਟਾਂ ਜਾਰੀ ਕਰਕੇ ਪੂਰੇ ਜਿਲ੍ਹੇ ਵਿਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਦਾ ਘੇਰਾ ਲਗਾਤਾਰ ਵਧਾਇਆ ਜਾ ਰਿਹਾ ਹੈ। ਜਿਸ ਦਾ ਮਕਸਦ ਹਰੇਕ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ, ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੁਜਗ-ਾਰ ਮੁਹੱਈਆ ਕਰਵਾਇਆ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਸੂਬੇ ਵਿਚ ਬਿਨਾਂ ਕਿਸੇ ਸਿਫਾਰਿਸ਼ ਤੇ ਰਿਸ਼ਵਤ ਤੋਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ।

## ਪੰਜਾਬ ਦੀ ਸ਼ਾਨ ਅਤੇ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਹੈ "ਪੰਜਾਬ ਯੂਨੀਵਰਸਿਟੀ ਚੰਡੀਗੜ" : ਅਵਤਾਰ ਸਿੰਘ ਭੀਖੋਵਾਲ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਪੰਜਾਬ ਦੀ ਸ਼ਾਨ ਅਤੇ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਪੰਜਾਬ ਯੂਨੀਵਰਸਿਟੀ ਚੰਡੀਗੜ ਨੇ ਦੇਸ਼ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਯੂਨੀਵਰਸਿਟੀ ਨੇ ਹਜ਼ਾਰਾਂ ਵਿਦਵਾਨ ਪੈਦਾ ਕੀਤੇ ਹਨ ਜਿਹੜੇ ਅੱਜ ਕਈ ਮਹੱਤਵਪੂਰਨ ਖੇਤਰਾਂ ਵਿਚ ਉੱਚੇ ਅਹੁਦਿਆਂ ਤੇ ਬੈਠਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਭੀਖੋਵਾਲ ਦੇ ਗੁਰਦੁਆਰਾ ਗੁਰੂ ਨਾਨਕ ਚਰਨਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਵਤਾਰ ਸਿੰਘ ਭੀਖੋਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪਿਛਲੇ ਕਈ ਦਹਾਕਿਆ ਤੋਂ ਸ਼ਾਨਦਾਰ ਸੇਵਾਵਾਂ ਦੇ ਰਹੀ ਹੈ ਅਤੇ ਇਸਨੂੰ ਕੇਂਦਰ ਸਰਕਾਰ ਦੇ ਅਧੀਨ ਕਰਨ ਦੀ ਕੋਸ਼ਿਸ਼ ਪੰਜਾਬੀਆਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਉਹਨਾਂ ਕਿਹਾ ਕਿ ਚੰਡੀਗੜ ਪੰਜਾਬ ਦਾ ਦਿਲ ਅਤੇ"ਪੰਜਾਬ ਯੂਨੀਵਰਸਿਟੀ ਚੰਡੀਗੜ" ਧੜਕਨ ਹੈ, ਇਨ੍ਹਾਂ ਦੀ ਪਹਿਚਾਣ ਨੂੰ ਖੋਹਣਾ ਪੰਜਾਬ ਉੱਤੇ ਹਮਲਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰਨਾ ਯੂਨੀਵਰਸਿਟੀ ਨੂੰ ਆਪਣੇ ਕਬਜ਼ੇ ਹੇਠ ਲਿਆਉਣ ਦੀ ਅਸਹਿ ਕੋਸ਼ਿਸ਼ ਹੈ। ਉਹਨਾਂ ਕਿਹਾ ਕਿ ਭਾਵੇਂ ਪੀ.ਯੂ. ਬਚਾਓ ਮੋਰਚੇ ਦੇ ਦਬਾਅ ਹੇਠ ਕੇਂਦਰ ਨੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਗੱਲ ਕੀਤੀ ਹੈ, ਪਰ ਜਦ ਤੱਕ ਸਪੱਸਟ ਲਿਖਤ ਵਿਚ ਘੋਸ਼ਣਾ ਨਹੀਂ ਕੀਤੀ ਜਾਂਦੀ, ਤਦ ਤੱਕ ਕੇਂਦਰ ਸਰਕਾਰ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ! ਉਹਨਾਂ ਕਿਹਾ ਕਿ ਪ੍ਰਦਰਸ਼ਨ ਕਰ ਰਹੇ ਸਟੂਡੈਂਟਸ ਨਾਲ ਹੋਈ ਧੱਕੇਸ਼ਾਹੀ ਦੀ ਸਾਰੇ ਪੰਜਾਬ ਦੇ ਲੋਕ ਨਿੰਦਾ ਕਰਦੇ ਹਨ ਉਹਨਾਂ ਕਿਹਾ ਕਿ ਸਟੂਡੈਂਟਾਂ ਕੋਲ ਆਈ.ਡੀ. ਕਾਰਡ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਅੰਦਰ ਨਾ ਜਾਣ ਦੇਣਾ ਅਤੇ ਵੱਖ-ਵੱਖ ਸੂਬਿਆਂ ਦੀ ਫੋਰਸ ਤਾਇਨਾਤ ਕਰਨਾ ਕੇਂਦਰ ਦੀ ਬੁਖਲਾਹਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਮਲਕੀਅਤ ਨਹੀਂ ਬਣ ਸਕਦੀ। 'ਇਹ ਉਹ ਸਿੱਖਿਆ ਦਾ ਕੇਂਦਰ ਹੈ ਜਿਥੋਂ ਸਿੱਖਿਆ ਪ੍ਰਾਪਤ ਕਰਕੇ ਕਈ ਵਿਆਕਤੀ ਦੇਸ਼ ਦੇ ਮਹਾਨ ਵਿਦਵਾਨ ਬਣੇ ਹਨ। ਉਨ੍ਹਾਂ ਸਾਰਿਆਂ ਨੂੰ ਜਾਤ-ਧਰਮ ਤੇ ਰਾਜਨੀਤੀ ਤੋਂ ਉੱਪਰ ਉਠ ਕੇ ਯੂਨੀਵਰਸਿਟੀ ਦੀ ਪਛਾਣ ਬਚਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ।



# 69ਵੀਆਂ ਸਕੂਲ ਗੇਮਸ ਸਟੇਟ ਕਰਾਟੇ ਚੈਂਪੀਅਨਸ਼ਿਪ ਵਿੱਚੋਂ ਮੈਡਲ ਜਿੱਤ ਕੇ ਆਈ ਪ੍ਰਭਵੀਰ ਸਿੰਘ ਕੈਥ ਜੀ ਦਾ ਸਨਮਾਨ ਕੀਤਾ ਗਿਆ




**ਸਕੂਲ ਗੇਮਸ ਵਿੱਚੋਂ ਮੈਡਲ ਜੇਤੂ ਪ੍ਰਭਵੀਰ ਸਿੰਘ ਕੈਂਥ ਨੂੰ ਸਨਮਾਨਿਤ ਕਰਦੇ ਹੋਏ ਐਸਐਚਓ ਬੰਗਾ ਸਤਨਾਮ ਸਿੰਘ, ਅਰੁਣ ਘਈ, ਕਰਾਟੇ ਕੋਸ਼ ਕਰਾਟੇ ਕੋਚ ਰਾਜਵੀਰ ਸਿੰਘ ਕੈਥ ਅਤੇ ਹੋਰ।**

**ਬੰਗਾ(ਚਰਨਜੀਤ ਸੱਲ੍ਹਾਂ)** "69ਵੀਆਂ ਸਕੂਲ ਗੇਮਸ ਸਟੇਟ ਕਰਾਟੇ ਚੈਂਪੀਅਨਸ਼ਿਪ 2025" ਵਿੱਚੋ -54 ਕਿਲੋ ਭਾਰ ਵਰਗ ਵਿੱਚ ਖੇਡਦਿਆਂ ਮੈਡਲ ਜਿੱਤ ਕੇ ਆਏ ਪ੍ਰਭਵੀਰ ਸਿੰਘ ਕੈਂਥ ਨੂੰ ਇੱਕ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਂਝੇ ਤੌਰ ਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਸਤਨਾਮ ਸਿੰਘ ਐਸ ਐਚ ਓ ਬੰਗਾ ਅਤੇ ਅਰੁਣ ਘਈ ਡਾਇਰੈਕਟਰ ਐਨਵਾਈਏ ਇੰਡੀਆ ਨੇ ਜੇਤੂ ਖਿਡਾਰੀ ਪ੍ਰਭਵੀਰ ਸਿੰਘ ਕੈਂਥ ਨੂੰ ਸਨਮਾਨਿਤ ਕੀਤਾ ਅਤੇ ਆਪਣੀਆਂ ਸ਼ੁਭਕਾਮਨਾਵਾਂ ਅਤੇ ਅਸ਼ੀਰਵਾਦ ਦਿੱਤਾ ਇਸ ਮੌਕੇ ਮਾਰਸ਼ਲ ਆਰਟ ਕੋਚ ਰਾਜਵੀਰ ਸਿੰਘ ਕੈਂਥ, ਨੈਸ਼ਨਲ ਕਰਾਟੇ ਖਿਡਾਰਨ ਮਨਕੀਰਤ ਕੌਰ ਕੈਂਥ, ਇੰਦਰਜੀਤ ਸਿੰਘ ਮਾਨ ਸੀਨੀਅਰ ਆਪ ਆਗੂ, ਸਚਿਨ ਘਈ ਐਕਸ ਐਮਸੀ, ਕੁਲਦੀਪ ਸਿੰਘ ਰਾਣਾ ਪਾਵਰ ਲਿਫਟਿੰਗ ਏਸ਼ੀਆ ਚੈਂਪੀਅਨ, ਪਰਮਜੀਤ ਸਿੰਘ ਪੰਮਾ ਆਦੀ ਹਾਜਰ ਸਨ।

# ਡੀਜੀਪੀ ਗੌਰਵ ਯਾਦਵ ਨੂੰ ਤਲਬ ਕਰਕੇ, ਭਾਰਤ ਚੋਣ ਕਮਿਸ਼ਨ ਨੇ ਵੋਟਰਾਂ ਦਾ ਵਿਸ਼ਵਾਸ ਵਧਾਇਆ ਹੈ : ਤਲਵਾਰ

## ਤਰਨਤਾਰਨ ਉਪ ਚੋਣ ਵਿੱਚ ਪੁਲਿਸ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ) –** ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਤੋਂ ਬਾਅਦ, ਭਾਰਤ ਚੋਣ ਕਮਿਸ਼ਨ ਨੇ ਡੀਜੀਪੀ ਪੰਜਾਬ ਪੁਲਿਸ, ਸ਼੍ਰੀ ਗੌਰਵ ਯਾਦਵ ਨੂੰ ਤਲਬ ਕਰਕੇ ਵੋਟਰਾਂ ਦਾ ਵਿਸ਼ਵਾਸ ਵਧਾਇਆ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਉਪ ਪ੍ਰਧਾਨ ਸੰਜੀਵ ਤਲਵਾੜ ਨੇ ਅੱਜ ਇੱਕ ਸੰਖੇਪ ਪ੍ਰੈਸ ਕਾਨਫਰੰਸ ਦੌਰਾਨ ਪ੍ਰਗਟ ਕੀਤੇ। ਤਲਵਾੜ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਤਰਨਤਾਰਨ ਸਾਹਿਬ ਉਪ ਚੋਣ ਵਿੱਚ ਇੱਕ ਰਾਜਨੀਤਿਕ ਪਾਰਟੀ ਵਾਂਗ ਕੰਮ ਕੀਤਾ, ਝੂਠੇ ਪੈਂਫਲੇਟ ਵੰਡ ਕੇ ਮੁੱਖ ਵਿਰੋਧੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਚੋਣ ਮੈਦਾਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਭਾਰਤ ਚੋਣ ਕਮਿਸ਼ਨ ਨੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਸਵੀਕਾਰ ਕੀਤੀ ਸੀ ਅਤੇ ਤਰਨਤਾਰਨ ਦੇ ਐਸਐਸਪੀ ਨੂੰ ਮੁਅੱਤਲ ਵੀ ਕਰ ਦਿੱਤਾ ਸੀ ਅਤੇ ਕਈ ਅਧਿਕਾਰੀਆਂ ਦਾ ਤਬਾਦਲਾ ਵੀ ਕਰ ਦਿੱਤਾ ਸੀ। ਇਸ ਦੇ ਬਾਵਜੂਦ, ਪੁਲਿਸ ਨੇ ਸਰਕਾਰ ਦੇ ਇਸ਼ਾਰੇ 'ਤੇ ਆਪਣਾ ਰਵੱਈਆ ਨਹੀਂ ਬਦਲਿਆ। ਤਲਵਾੜ ਨੇ



ਕਿਹਾ ਕਿ ਮਾਮਲਾ ਇੱਥੇ ਹੀ ਨਹੀਂ ਰੁਕਿਆ, ਜਿਨ੍ਹਾਂ ਥਾਵਾਂ 'ਤੇ ਸ਼੍ਰੋਮਣੀ ਅਕਾਲੀ ਦਲ ਜਿੱਤਿਆ ਅਤੇ ਪੁਲਿਸ ਵਿਰੁੱਧ ਆਵਾਜ਼ ਉਠਾਉਣ ਵਾਲੇ ਆਗੂਆਂ ਨੂੰ ਚੋਣ ਨਤੀਜੇ ਐਲਾਨੇ ਜਾਣ ਤੋਂ ਬਾਅਦ ਵੀ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਅਤੇ ਅੱਜ ਮੁੱਖ ਚੋਣ ਅਧਿਕਾਰੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਨੂੰ ਸਵੀਕਾਰ ਕਰਦੇ ਹੋਏ ਡੀਜੀਪੀ ਗੌਰਵ ਯਾਦਵ ਨੂੰ 25 ਨਵੰਬਰ ਨੂੰ ਦਿੱਲੀ ਤਲਬ ਕੀਤਾ ਹੈ। ਤਲਵਾੜ ਨੇ ਕਿਹਾ ਕਿ ਲੋਕਤੰਤਰ ਦੀ ਬਹਾਲੀ ਲਈ, ਭਾਰਤ ਦੇ ਚੋਣ ਕਮਿਸ਼ਨ ਨੂੰ ਇਸ ਮਾਮਲੇ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਭਾਰਤ ਦਾ ਚੋਣ ਕਮਿਸ਼ਨ ਭਵਿੱਖ ਵਿੱਚ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ਼੍ਰੀ ਭੁਪਿੰਦਰ ਸਿੰਘ ਮਹਿੰਦੀਪੁਰ ਨੰਬਰਦਾਰ ਤੀਰਥ ਸਿੰਘ ਵੀ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਮੌਚਰੀ ਵਿੱਚ ਡੈਡ ਬੋਡੀ ਨਾਂ ਰੱਖਣ ਸਬੰਧੀ ਬਹੁਜਨ ਸਮਾਜ ਪਾਰਟੀ ਨੇ ਦਿੱਤਾ ਹਫਤੇ ਦਾ ਅਲਟੀਮੈਂਟ

**ਰੋਪੜ (ਚਰਨਜੀਤ ਸੱਲ੍ਹਾਂ )** ਅੱਜ ਬਹੁਜਨ ਸਮਾਜ ਪਾਰਟੀ ਵੱਲੋਂ ਸਟੇਟ ਇੰਚਾਰਜ ਅਜੀਤ ਸਿੰਘ ਭੈਣੀ ਅਤੇ ਜਨਰਲ ਸੈਕਟਰੀ ਰਾਜਾ ਰਜਿੰਦਰ ਸਿੰਘ ਨਨਹੇੜੀਆਂ ਵੱਲੋਂ ਜਿਲਾ ਪ੍ਰਸ਼ਾਸਨ ਨੂੰ ਇਕ ਹਫਤੇ ਦਾ ਅਲਟੀਮੇਟਮ ਦਿੱਤਾ ਗਿਆ ਕਿਉਂਕਿ ਪਿਛਲੇ ਦਿਨੀ ਜੋ ਘਰਾਉਣੀ ਹਰਕਤ ਸਿਵਲ ਹਸਪਤਾਲ ਰੂਪਨਗਰ ਦੇ ਐਸ ਐਮ ਓ ਤੇ ਐਮ ਓ ਵੱਲੋਂ ਕੀਤੀ




ਗਈ ਕਿ ਇੱਕ ਦਲਤ ਬੱਚੇ ਦੇ ਮ੍ਰਿਤਕ ਦੇ ਮੌਚਰੀ ਵਿੱਚ ਰੱਖਣ ਤੋਂ ਮਨਾ ਕੀਤਾ ਗਿਆ ਇੱਕ ਘੰਟੇ ਜਿੱਦੋਜਾਦ ਬਾਅਦ ਮ੍ਰਿਤਕ ਪਰਿਵਾਰ ਨੇ ਮ੍ਰਿਤਕ ਦੇਹ ਦੂਸਰੇ ਜਿਲ੍ਹੇ ਵਿੱਚ ਜਾ ਕੇ ਰੱਖੀ ਜੋ ਕਿ ਬਹੁਤ ਹੀ ਸ਼ਰਮ ਨਾਕ ਘਟਨਾ ਹੈ ਜਦੋਂ ਕਿ ਪਰਿਵਾਰ ਨੇ ਦੱਸਿਆ ਕਿ ਅਸੀਂ ਮ੍ਰਿਤਕ ਦੇਹ ਲਿਆਉਣ ਤੋਂ ਪਹਿਲਾਂ ਹਸਪਤਾਲ ਵਿੱਚ ਚਾਰ ਦਿਨ ਪਹਿਲਾਂ ਪੁੱਛ ਕੇ ਵੀ ਗਏ ਜਦੋਂ ਅਸੀਂ ਮ੍ਰਿਤਕ ਦੇ ਰਾਤ ਨੂੰ ਤਕਰੀਬਨ ਸਾਢੇ ਦੱਸ ਵਜੇ ਹਸਪਤਾਲ ਵਿੱਚ ਪਹੁੰਚੇ ਤਾਂ ਐਸਐਮਓ ਅਤੇ ਐਮਓ ਵੱਲੋਂ ਮਨਾ ਕਰ ਦਿੱਤਾ ਗਿਆ ਇਸ ਸਬੰਧੀ ਜਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਸੀ ਅੱਜ ਅਸੀਂ ਜਿਹੜਾ ਪ੍ਰਸ਼ਾਸਨ ਨੂੰ ਲਿਖਤੀ ਰੂਪ ਵਿੱਚ ਦੇ ਰਹੇ ਹਾਂ ਜੇਕਰ ਇਸ ਸਬੰਧੀ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ ਤਾਂ ਇੱਕ ਹਫਤੇ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਸੰਘਰਸ਼ ਕਰੇਗੀ ਜਿਸਦੀ ਜਿੰਮੇਵਾਰੀ ਜਿਲਾ ਪ੍ਰਸ਼ਾਸਨ ਦੀ ਹੋਵੇਗੀ ਇਸ ਮੌਕੇ ਤੇ ਵਫਦ ਵਿੱਚ ਜ਼ਿਲ੍ਹਾ ਪ੍ਰਧਾਨ ਸਰਦੂਲ ਸਿੰਘ ਜੀ ਵਾਲ ਸੰਡਾ ਜਸਵੰਤ ਸਿੰਘ ਜੀ ਸਕੱਤਰ ਬਰਾਮਪੁਰ ਬਹਿਰਾਮਪੁਰ ਕਰਮ ਕੈਪਟਨ ਕਰਮਜੀਤ ਸਿੰਘ ਜੀ ਬਡਵਾਲੀ ਗੁਰਵਿੰਦਰ ਸਿੰਘ ਪੁਰਖਾਲੀ ਸਤਬੀਰ ਸਿੰਘ ਪਰਖਾਲੀ ਲਖਵਿੰਦਰ ਸਿੰਘ ਕਾਈਨੌਰ ਗੁਰਮੁਖ ਸਿੰਘ ਨਰਾਇਣਗੜ੍ਹ।

# ਸਰਕਾਰੀ ਸਕੂਲ ਮਾਹਿਲਪੁਰ ਤੇ ਬੰਬੇਲੀ ਵਿਖੇ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਬੇਲੀ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੀ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।

# ਸਰਕਾਰੀ ਸਕੂਲ ਧੂਤ ਕਲਾਂ ਵਿਖੇ ਲੱਗਾ ਪੌਲੀਟੀਕਲ ਸਾਇੰਸ ਲੈਕਚਰਾਰਾਂ ਦਾ ਸੈਮੀਨਾਰ



**ਹੁਸਿਆਰਪੁਰ, (ਤਰਸੇਮ ਦੀਵਾਨਾ)** - ਸਿੱਖਿਆ ਵਿਭਾਗ ਦੇ ਹੁਕਮਾਂ ਅਨੁਸਾਰ ਪੋਲੀਟੀਕਲ ਸਾਇੰਸ ਵਿਸ਼ੇ ਦੇ ਲੈਕਚਰਾਰਾਂ ਦਾ ਇੱਕ ਰੋਜਾ ਸੈਮੀਨਾਰ ਦੇਸ਼ ਭਗਤਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੂਤ ਕਲਾਂ ਵਿਖੇ ਲਗਾਇਆ ਗਿਆ, ਜਿਸ 'ਚ ਜਿਲ੍ਹੇ ਭਰ ਦੇ ਪੋਲੀਟੀਕਲ ਸਾਇੰਸ ਵਿਸ਼ੇ ਦੇ 70 ਲੈਕਚਰਾਰਾਂ ਨੇ ਭਾਗ ਲਿਆ। ਇਸ ਮੌਕੇ ਵਿਸ਼ਾ ਪੋਲੀਟੀਕਲ ਸਾਇੰਸ ਦੇ ਜਿਲ੍ਹਾ ਰਿਸੋਰਸ ਪਰਸਨ ਮਨਦੀਪ ਕੁਮਾਰ, ਹਰਪ੍ਰੀਤ ਸਿੰਘ, ਜਸਵਿੰਦਰ ਕੌਰ ਅਤੇ ਅੰਜੂ ਸੈਣੀ ਆਦਿ ਨੇ ਸੈਮੀਨਾਰ ਦੌਰਾਨ ਬੱਚਿਆਂ ਦਾ ਮਨੋਵਿਗਿਆਨ, ਵਿਸ਼ੇ ਦੇ ਪਾਠਕ੍ਰਮ ਨੂੰ ਰੋਚਿਕ ਤਰੀਕੇ ਨਾਲ ਪੜ੍ਹਾਉਣ, ਪਾਠਕ੍ਰਮ ਦੀਆਂ ਬਰੀਕੀਆਂ ਬਾਰੇ ਚਾਨਣਾ ਪਾਇਆ। ਇਸ ਸੈਮੀਨਾਰ ਦੌਰਾਨ ਪ੍ਰਿੰ: ਧਰਮਿੰਦਰ ਕੁਮਾਰ, ਸੁਖਜੀਵਨ ਕੁਮਾਰ ਅਤੇ ਸੋਹਣ ਸਿੰਘ ਨੇ ਵਿਦਿਆਰਥੀਆਂ ਦਾ ਹੋਰ ਵਧੇਰੇ ਢੁਕਵੇਂ ਤਰੀਕੇ ਨਾਲ ਸਰਬਪੱਖੀ ਵਿਕਾਸ ਕਰਨ ਲਈ ਲੈਕਚਰਾਰਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਜਤਿੰਦਰ ਕੁਮਾਰ, ਸੁਖਵੀਰ ਸਿੰਘ, ਰਵਿੰਦਰ ਸਿੰਘ, ਸਤਨਾਮ ਕੁਮਾਰ ਅਜਨੋਹਾ, ਸੀਮਾ ਰਾਣੀ ਬਾਗਪੁਰ ਆਦਿ ਹਾਜਰ ਸਨ। ਫੋਟੋ ਅਜਮੇਰ ਦੀਵਾਨਾ

# ਕਾਠਗੜ੍ਹ ਪੁਲਿਸ ਨੇ ਚਲਾਇਆ ਕਾਸੋ ਆਪ੍ਰੇਸ਼ਨ , ਸ਼ੱਕੀ ਵਿਆਕਤੀਆਂ ਨੂੰ ਹਿਰਾਸਤ ਵਿੱਚ ਲੈ ਕੇ ਕੀਤੀ ਜਾ ਰਹੀ ਪੁੱਛਗਿੱਛ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )-** ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਐਸਐਸਪੀ ਡਾਕਟਰ ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾ ਤੇ ਅੱਜ ਡੀਐਸਪੀ (ਹੈਡ ਕੁਆਟਰ) ਵਾਧੂ ਚਾਰਜ ਬਲਾਚੌਰ ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਕਾਸੋ ਆਪ੍ਰੇਸ਼ਨ ਚਲਾਇਆ ਗਿਆ ਙ ਇਸ ਟੀਮ ਵਿੱਚ ਐਸਐਚਓ ਥਾਣਾ ਕਾਠਗੜ੍ਹ ਅਭਿਸ਼ੇਕ ਸ਼ਰਮਾ , ਆਸਰੋਂ ਚੌਕੀ ਇੰਚਾਰਜ ਏਐਸਆਈ ਸਿੰਕਦਰ ਪਾਲ ਅਤੇ ਉਨ੍ਹਾਂ ਨਾਲ ਪੁਲਿਸ ਮੁਲਾਜ਼ਮ ਵੱਡੀ ਗਿਣਤੀ ਵਿਚ ਮੌਜੂਦ ਰਹੇ ਇਸ ਮੌਕੇ ਪੁਲਿਸ ਟੀਮ ਦੇ ਵਲੋਂ ਰੈਲਮਾਜਰਾ, ਆਸਰੋਂ , ਪ੍ਰੇਮ ਨਗਰ, ਵਿਖੇ ਕਾਸੋ ਆਪ੍ਰੇਸ਼ਨ ਚਲਾਇਆ ਗਿਆ ਙ ਜਿਸਦੇ ਚੱਲਦੇ ਘਰ ਘਰ ਜਾ ਕੇ ਸ਼ੱਕੀ ਲੋਕਾਂ ਦੀ ਚੈਕਿੰਗ ਕੀਤੀ ਗਈ ਙ ਘਰ ਦੇ ਬੈਡ , ਅਲਮਾਰੀਆਂ , ਸਟੋਰ ਅਤੇ ਸ਼ੱਕੀ ਥਾਵਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ ਙ ਇਸ ਦੌਰਾਨ ਉਨ੍ਹਾਂ ਨੇ ਕੁਝ ਸ਼ੱਕੀ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਲਿਆ ਙ ਉਨ੍ਹਾਂ ਦੇ



ਕੋਲੋਂ ਪੁੱਛਗਿਛ ਕੀਤੀ ਗਈ ਡੀਐਸਪੀ (ਹੈਡ ਕੁਆਟਰ) ਜ਼ਿਕਰਯੋਗ ਹੈ ਜਸਪ੍ਰੀਤ ਸਿੰਘ ਦੇ ਕੋਲ ਬਲਾਚੌਰ ਦਾ ਵਾਧੂ ਚਾਰਜ ਹੈ ਉਨ੍ਹਾਂ ਨੇ ਕਿਹਾ ਕਿ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀ ਜਾਵੇਗਾ ਙ ਅੱਗੇ ਤੋ ਵੀ ਅਜਿਹੀ ਚੈਕਿੰਗ ਜਾਰੀ ਰਹੇਗੀ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ

**● ਪੰਜਾਬ ਸਰਕਾਰ ਨੇ ਕਰਾਇਆ 'ਹਿੰਦ ਦੀ ਚਾਦਰ' ਲਾਈਟ ਐਂਡ ਸਾਊਂਡ ਸ਼ੋਅ ● 'ਹਿੰਦ ਦੀ ਚਾਦਰ' ਸ਼ੋਅ ਦੌਰਾਨ ਭਾਰੀ ਗਿਣਤੀ ਸੰਗਤ ਰਹੀ ਮੌਜੂਦ**






**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਸਥਾਨਕ ਆਈ.ਟੀ.ਆਈ. ਗਰਾਊਂਡ ਵਿਖੇ ਗੁਰੂ ਜੀ ਦੇ ਜੀਵਨ, ਫਲਸਫ਼ੇ, ਸਿੱਖਿਆਵਾਂ ਅਤੇ ਸ਼ਹੀਦੀ 'ਤੇ ਆਧਾਰਤ 'ਹਿੰਦ ਦੀ ਚਾਦਰ' ਲਾਈਟ ਐਂਡ ਸਾਊਂਡ ਸ਼ੋਅ ਕਰਾਇਆ ਗਿਆ ਜਿਸ ਵਿੱਚ ਭਾਰੀ ਗਿਣਤੀ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਰਕਾਬਗੰਜ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੈੱਟ 'ਤੇ ਫਿਲਮਾਇਆ ਲਾਈਟ ਐਂਡ ਸਾਊਂਡ ਸ਼ੋਅ ਨੇ ਸੰਗਤਾਂ ਨੂੰ ਗੁਰੂ ਜੀ ਦੀ ਲਾਸਾਨੀ ਸ਼ਹਾਦਤ, ਸਿੱਖ ਪੰਥ ਦੀ ਇਤਿਹਾਸਕ ਮਹਤਤਾ, ਅਮੀਰ ਧਾਰਮਿਕ ਵਿਰਾਸਤ ਅਤੇ ਖਾਲਸਾ ਪੰਥ ਦੀ ਸਥਾਪਨਾ ਬਾਰੇ ਵਿਸਥਾਰ ਵਿੱਚ ਜਾਣੂੰ ਕਰਵਾਇਆ। ਇਸ ਦੌਰਾਨ ਗੁਰੂ ਜੀ ਦੇ ਜਨਮ, ਜੀਵਨ, ਮੀਰੀ-ਪੀਰੀ ਦੇ ਸਿਧਾਂਤ, ਬਾਬਾ ਬਕਾਲਾ, ਚੱਕ ਨਾਨਕੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦਾ ਬਿਰਤਾਂਤ ਦਿਖਾਇਆ ਗਿਆ। ਇਸ ਦੌਰਾਨ ਭਾਈ ਦੀਦਾਰ ਸਿੰਘ ਦੇ ਢਾਡੀ ਜਥੇ ਨੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਤ ਵਾਰਾਂ ਗਾਈਆਂ। ਪੰਜਾਬ ਸਰਕਾਰ ਵੱਲੋਂ ਗੁਰੂ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਤਹਿਤ ਹਰ ਜ਼ਿਲ੍ਹੇ ਵਿੱਚ ਲਾਈਟ ਐਂਡ ਸਾਊਂਡ ਸ਼ੋਅ, ਕੀਰਤਨ ਦਰਬਾਰ ਅਤੇ ਹੋਰ ਸਮਾਗਮ ਕਰਵਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਅਤੇ ਮਹਾਨ ਸਿੱਖਿਆਵਾਂ ਤੋਂ ਜਾਣੂੰ ਕਰਵਾਇਆ ਜਾ ਸਕੇ। ਸਮਾਗਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਸੰਗਤਾਂ ਵਿੱਚ ਸ਼ਾਮਲ ਹੋਏ। ਭਾਰੀ ਗਿਣਤੀ ਸੰਗਤ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੰਗਤਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸਮਾਗਮਾਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਸ਼੍ਰੀਨਗਰ ਤੋਂ 19 ਨਵੰਬਰ ਨੂੰ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ਜੋ ਵੱਖ-ਵੱਖ ਜ਼ਿਲ੍ਹਿਆਂ ਤੋਂ ਹੁੰਦਾ ਹੋਇਆ 22 ਨਵੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ ਵਿਖੇ ਪਹੁੰਚੇਗਾ ਜਿਥੇ ਸੰਗਤਾਂ ਵੱਲੋਂ ਵੱਖ-ਵੱਖ ਥਾਂਵਾਂ 'ਤੇ ਪੂਰੇ ਜਾਹੋ-ਜਲਾਲ ਨਾਲ ਸਵਾਗਤ ਕੀਤਾ ਜਾਵੇਗਾ।

## 28 ਵੀਂ ਆਲ ਇੰਡੀਆ ਫੌਰੈਸਟ ਸਪੋਰਟਸ ਖੇਡਾਂ 'ਚ ਗੋਲਡ ਮੈਡਲ ਜਿੱਤ ਕੇ ਗੁਰਮੋਹਨ ਸਿੰਘ ਨੇ ਜੰਗਲਾਤ ਵਿਭਾਗ ਅਤੇ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦਾ ਨਾਮ ਕੀਤਾ ਰੌਸ਼ਨ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ** )- ਦੇਹਰਾਦੂਨ ਉੱਤਰਾਖੰਡ ਵਿੱਚ ਕਰਵਾਈਆਂ 28 ਵੀਂ ਆਲ ਇੰਡੀਆ ਫੋਰੈਸਟ ਸਪੋਰਟਸ ਖੇਡਾਂ 'ਚ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਰੱਸਾਕਸ਼ੀ ਮੁਕਾਬਲੇ ਵਿੱਚ ਹਿੱਸਾ ਲਿਆ ਙ ਜਿਸ ਵਿੱਚ ਕਪਤਾਨ ਗੁਰ-ਮੋਹਨ ਸਿੰਘ ਫਤਿਹਪੁਰ ਵਣਰੇਂਜ ਕਾਠਗੜ੍ਹ ਦੀ ਅਗੁਵਾਈ ਵਿੱਚ ਟੀਮ ਨੇ ਗੋਲਡ ਮੈਡਲ ਜਿੱਤ ਕੇ ਜੰਗਲਾਤ ਵਿਭਾਗ ਦਾ ਨਾਮ ਪੂਰੇ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦਾ ਨਾ ਰੋਸ਼ਨ ਕੀਤਾ ਹੈ ਙ ਕਪਤਾਨ ਗੁਰਮੋਹਨ ਸਿੰਘ ਨੇ ਕਿਹਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਗੋਲਡ ਮੈਡਲ ਵਿੱਚ ਅਲੱਗ



ਅਲੱਗ ਵਣਰੇਂਜਾ ਦੇ ਖਿਡਾਰੀਆਂ ਨੇ ਵੀ ਆਪਣਾ ਅਹਿਮ ਯੋਗਦਾਨ ਪਾਇਆ । ਜਿਸ ਵਿਚ ਸਾਰੀ ਟੀਮ ਵਧਾਈ ਦੀ ਪਾਤਰ ਹੈ ਙ ਉਨ੍ਹਾਂ ਸਾਰਿਆ ਦੀ ਇਸ ਪ੍ਰਾਪਤੀ ਨਾਲ ਪੂਰੇ ਵਣਰੇਂਜ ਵਿਭਾਗ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ ਤੇ ਵਧਾਈਆ ਦੇਣ ਵਾਲਿਆ ਦਾ ਤਾਂਤਾ ਲੱਗਿਆ ਰਿਹਾ ਙ ਗੁਰਮੋਹਨ ਸਿੰਘ ਨੇ ਕਿਹਾ ਕਿ ਅੱਗੇ ਤੋਂ ਵੀ ਉਹ ਵਧੀਆਂ ਢੰਗ ਨਾਲ ਖੇਡ ਵਿੱਚ ਪ੍ਰਦਰਸ਼ਨ ਕਰਨਗੇ ।

## ਬਸਪਾ ਨੇ ਪੂਰਾ ਦਿਨ ਗੜਦੀਵਾਲ ਵਿਖੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

**ਗੜਦੀਵਾਲਾ (ਚਰਨਜੀਤ ਸੱਲ੍ਹਾਂ** ) ਅੱਜ ਗੜਦੀ ਵਾਲਾ ਵਿਖੇ ਬਸਪਾ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ ਡਾਕਟਰ ਜਸਪਾਲ ਸਿੰਘ ਜੀ ਹਲਕਾ ਹਲਕਾ ਟਾਂਡਾ ਉੱੜ ਮੁੜ ਦੇ ਪ੍ਰਧਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਪਿੰਡ ਚਾਂਘ ਵਿਛੋਆ ਜਿੱਥੇ ਡਾਕਟਰ ਅੰਬੇਡਕਰ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪਾਂ ਦੀ ਬੇਅਦਬੀ ਹੋਈ ਆਮ ਆਦਮੀ ਪਾਰਟੀ ਦੀ ਪੰਚਾਇਤ ਵੱਲੋਂ ਐਸੀ ਧਰਮਸ਼ਾਲਾ ਵਿੱਚੋ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਅਭਿਮਾਨੀ ਲੋਕਾਂ ਨੇ ਡਾਕਟਰ ਅੰਬੇਡਕਰ ਔਰ ਗੁਰੂ ਰਵਿਦਾਸ ਦੇ ਸਰੂਪਾਂ ਨੂੰ ਲਾ ਕੇ ਬਾਹਰ ਸੁੱਟ ਦਿੱਤਾ ਗਿਆ ਇਸ ਦੇ ਸੰਬੰਧ ਵਿੱਚ ਪੁਲਿਸ ਨੂੰ ਐਪਲੀਕੇਸ਼ਨ ਦਿੱਤੀ ਗਈ ਔਰ ਐਸਐਚ ਓ ਗੜਦੀ ਵਾਲਿਆਂ ਨੇ ਹੁਣ ਤੱਕ ਕੋਈ ਕਾਰਵਾਈ ਨਹੀਂ



ਕੀਤੀ ਜਿਸ ਵਿੱਚ ਇਕੱਠੇ ਹੋ ਕੇ ਬਸਪਾ ਵਰਕਰਾਂ ਨੇ ਲੋਕਾਂ ਨੇ ਪੂਰਾ ਦਿਨ ਜਾਮ ਲਾਇਆ ਅਤੇ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ ਇਸ ਮੌਕੇ ਪੰਜਾਬ ਬਸਪਾ ਦੇ ਸਕੱਤਰ ਮਨਿੰਦਰ ਸਿੰਘ ਸ਼ੇਰਪੁਰੀ ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ ਬਸਪਾ ਦਲਵਿੰਦਰ ਬੋਦਲ ਜੀ ਡਾਕਟਰ ਜਸਪਾਲ ਜੀ ਜਸਵਿੰਦਰ ਦ ਦੁਗਲ ਜੀ ਹਲਕੇ ਦੇ ਇੰਚਾਰਜ ਸਰਦਾਰ ਹਰਬੰਤ ਸਿੰਘ ਖਹਿਰਾਵਾਦ ਪ੍ਰਧਾਨ ਸੁਰਜੀਤ ਮੈਹਮੀ ਹਲਕਾ ਹੁਸ਼ਿਆਰਪੁਰ ਦੇ ਪ੍ਰਧਾਨ ਅਮਨ ਬੁੱਲੋਵਾਲ ਚਾਂਗ ਬਸ਼ੋਹਾ ਪਿੰਡ ਦੇ ਸਾਥੀ ਗੁਰਲਾਲ ਸਿੰਘ ਜੀ ਅਤੇ ਉਹਨਾਂ ਦੀ ਪੂਰੀ ਟੀਮ ਲਈ ਚਮਨ ਸਿਕਰੀ ਜੀ ਐਡਵੋਕੇਟ ਮਲਕੀਤ ਸਿਖਰੀ ਜੀ ਔਰ ਸਾਡੇ ਜਿਲ੍ਹੇ ਦੇ ਜਨਰਲ ਸਕੱਤਰ ਐਡਵੋਕੇਟ ਧਰਮਿੰਦਰ ਦਾਦਰਾ ਜੀ ਔਰ ਸੈਂਕੜੇ ਵਰਕਰ ਹਾਜ਼ਰ ਸਨ।

# ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵਲੋਂ ਕਵੀ ਦਰਬਾਰ ਕਰਵਾਇਆ ਗਿਆ

**ਫਗਵਾੜਾ ਨਵੰਬਰ (ਚਰਨਜੀਤ ਸੱਲ੍ਹਾਂ)** ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 17 ਨਵੰਬਰ 2025 ਦਿਨ ਸੋਮਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਜਤਿੰਦਰਪਾਲ ਕੌਰ ਭਿੰਡਰ, ਹਰਪ੍ਰੀਤ ਸਿੰਮੀ (ਗੁਰਦਾਸਪੁਰ), ਜਸਵੀਰ ਸੋਨੀ (ਬੁਢਲਾਡਾ), ਭੁਪਿੰਦਰ ਸਿੰਘ ਸਿਆਣ ਫਗਵਾੜਾ ਅਤੇ ਡਾ. ਟਿੱਕਾ ਜੇ ਐਸ ਸਿੱਧੂ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ




ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਜਤਿੰਦਰਪਾਲ ਕੌਰ ਭਿੰਡਰ ਅਤੇ ਹਰਪ੍ਰੀਤ ਸਿੰਮੀ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਜਸਵੀਰ ਸੋਨੀ ਅਤੇ ਭੁਪਿੰਦਰ ਸਿੰਘ ਸਿਆਣ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਡਾ. ਟਿੱਕਾ ਜੇ ਐਸ ਸਿੱਧੂ ਨੇ ਵੀ ਗ਼ਜ਼ਲਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਸੁਣਾਵਾਂ ਸੌ ਦੀ ਇੱਕ ਮਿੱਤਰਾ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।




# ਅੱਜ ਬਸਪਾ ਹਲਕਾ ਚੱਬੇਵਾਲ ਦੇ ਪਿੰਡ ਬੋਹਣ ਵਿਖੇ ਐਡਵੋਕੇਟ ਪਰਮਿੰਦਰ ਮਾਨਾਂ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ

**ਚੱਬੇਵਾਲ ( ਚਰਨਜੀਤ ਸੱਲ੍ਹਾਂ )** ਅੱਜ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਪਿੰਡ ਬੋਹਣ ਵਿਖੇ ਮੀਟਿੰਗ ਕੀਤੀ ਗਈ, ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਐਡਵੋਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਪਹੁੰਚੇ ।



ਇਸ ਮੌਕੇ ਐਡਵਕੇਟ ਮਾਨਾ ਜੀ ਨੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਦੂਸਰੇ ਪੜਾ ਦੇ ਮਦੇਨਜਰ ਸਾਥੀਆ ਨੂੰ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਅਤੇ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਦੇ ਲਈ ਪਿੰਡ ਬੋਹਨ ਦਾ ਯੂਨਿਟ ਤਿਆਰ ਕਰਕੇ ਬੂਥ ਕਮੇਟੀ ਬਣਾਈ ੀ ਇਸ ਦੌਰਾਨ ਨੌਜਵਾਨ ਸਾਥੀਆਂ ਨੇ ਬਸਪਾ ਪਾਰਟੀ ਨੂੰ ਮਜ਼ਬੂਤ ਕਰਨ ਦੇ ਲਈ ਮਿਹਨਤ ਕਰਨ ਦਾ ਪ੍ਰਣ ਲਿਆ ਅਤੇ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਨੌਜਵਾਨ ਸਾਥੀਆਂ ਧੰਨਵਾਦ ਕੀਤਾ ।

ਇਸ ਮੌਕੇ ਹਾਜ਼ਰ ਸਾਥੀਆ ਵਿਚ ਹਲਕਾ ਸਕੱਤਰ ਬਲਵੰਤ ਨੌਣੀਤਪੁਰ, ਸੋਮਨਾਥ ਬੋਹਨ ਜੀ, ਧਰਮ ਪਾਲ, ਕਰਮ ਚੰਦ, ਹਰਬੰਸ ਲਾਲ, ਸੁਰਜੀਤ ਰਾਮ, ਬਿਕਰਮ, ਚਮਨ ਲਾਲ, ਪਰਵਿੰਦਰ, ਰਣਜੀਤ ਕੁਮਾਰ ਅਤੇ ਹੋਰ ਵੀ ਸਾਥੀ ਹਾਜ਼ਰ ਸਨ।

# ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਕੈਨਵਸ 2025 ਤਹਿਤ ਵਿਸ਼ੇਸ਼ ਪ੍ਰਤੀਯੋਗਤਾ ਸਮਾਰੋਹ ਅੱਜ : ਇਆ ਜਾ ਰਿਹਾ ਹੈ : ਪ੍ਰਿੰਸੀਪਲ ਪਰਵਿੰਦਰ ਸਿੰਘ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਵਿਦਿਆਰਥੀਆਂ ਦੀਆਂ ਸਾਹਿਤਿਕ,ਕਲਾਤਮਕ ਅਤੇ ਸਭਿਆਚਾਰਿਕ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ - ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ - ਕੈਂਪਸ ਵਿੱਚ ਚਲਦੇ ਸ਼੍ਰੀ ਗੁਰੂ ਗੋਬਿੰਦ ਸਿੰਘ - ਕਾਲਜੀਏਟ ਸੀਨੀਅਰ ਸੈਕੈਡਰੀ ਸਕੂਲ ਵਿੱਚ - ਕੈਨਵਸ 2025 ਤਹਿਤ ਅੱਜ 18 ਨਵੰਬਰ ਨੂੰ - ਵਿਸ਼ੇਸ਼ ਪ੍ਰਤੀਯੋਗਤਾ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਕਾਲਜ ਦੇ



ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਇਲ- ਾਕੇ ਦੇ ਕਰੀਬ 20 ਸਕੂਲਾਂ ਦੇ ਵਿਦਿਆਰਥੀ ਵੱਖ-ਵੱਖ ਸਿਰ- ਜਣਾਤਮਿਕ ਮੁਕਾਬਲਿਆਂ ਵਿੱਚ ਸ਼ਿਰਕਤ ਕਰ ਰਹੇ ਹਨ। ਉਨਾਂ - ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਨੂੰ ਉਸਾਰੂ ਸਾਹਿਤ ਨਾਲ ਜੋੜਨ - ਦੇ ਉਦੇਸ਼ ਅਧੀਨ ਤਿੰਨ ਪੁਸਤਕ ਵਿਕਰੇਤਾਵਾਂ ਵੱਲੋਂ ਰਿਆਇਤੀ ਦਰਾਂ 'ਤੇ - ਪੁਸਤਕ ਵਿਕਰੀ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ ਜਿਸ ਵਿੱਚ ਪੰਜਾਬ - ਸਰਕਾਰ ਦੇ ਜ਼ਿਲ੍ਹਾ ਭਾਸ਼ਾ ਵਿਭਾਗ ਦੇ ਦਫਤਰ ਹੁਸ਼ਿਆਰਪੁਰ ਤੋਂ ਵੀ - ਵਿਦਿਆਰਥੀਆਂ ਲਈ ਵਿਸ਼ੇਸ਼ ਪੁਸਤਕਾਂ ਦਾ ਪ੍ਰਬੰਧ ਕੀਤਾ ਗਿਆ ਹੈ। - ਉਨ੍ਹਾਂ ਵਿਦਿਆਰਥੀਆਂ ਨੂੰ ਇਸ ਮੌਕੇ ਵੱਖ-ਵੱਖ ਵਿਸ਼ਿਆਂ ਦੀਆਂ ਵੱਧ ਤੋਂ - ਵੱਧ ਪੁਸਤਕਾਂ ਖਰੀਦਣ ਤੋਂ ਚੰਗੇ ਸਾਹਿਤ ਨਾਲ ਜੁੜਨ ਦੀ ਅਪੀਲ ਕੀਤੀ'

# ਐਚਡੀਸੀਏ ਦੀਆਂ ਧਰੁਵਿਕਾ, ਅੰਨੱਈਆ ਅਤੇ ਪ੍ਰਤੀਕਾ ਦੀ ਅੰਡਰ-15 ਕੈਂਪ ਲਈ ਚੋਣ: ਡਾ. ਰਮਨ ਘਈ

## ਕੈਂਪ 17 ਤੋਂ 27 ਨਵੰਬਰ ਤੱਕ ਗਾਂਧੀ ਮੈਦਾਨ, ਅੰਮ੍ਰਿਤਸਰ ਵਿਖੇ ਆਯੋਜਿਤ ਕੀਤਾ ਜਾਵੇਗਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪੰਜਾਬ ਅੰਡਰ-15 ਮਹਿਲਾ ਟੀਮ ਦੀ ਚੋਣ ਲਈ ਆਯੋਜਿਤ ਕੀਤੇ ਜਾ ਰਹੇ 30 ਖਿਡਾਰੀਆਂ ਦੇ ਕੈਂਪ ਲਈ ਹੁਸ਼ਿਆਰਪੁਰ ਦੇ ਐਚਡੀਸੀਏ ਸੈਂਟਰ ਤੋਂ ਧਰੁਵਿਕਾ ਸੇਠ, ਅੰਨੱਈਆ ਠਾਕੁਰ ਅਤੇ ਪ੍ਰਤੀਕਾ ਕੁਮਾਰੀ ਦੀ ਚੋਣ ਨੇ ਖਿਡਾਰੀਆਂ ਵਿੱਚ ਖੁਸ਼ੀ ਦੀ ਲਹਿਰ ਫੈਲਾ ਦਿੱਤੀ ਹੈ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ 17 ਤੋਂ 27 ਨਵੰਬਰ ਤੱਕ ਗਾਂਧੀ ਮੈਦਾਨ, ਅੰਮ੍ਰਿਤਸਰ ਵਿਖੇ ਹੋਣ ਵਾਲੇ ਇਸ ਕੈਂਪ ਦੀ ਨਿਗਰਾਨੀ ਪੰਜਾਬ ਦੀ ਮੁੱਖ ਕੋਚ ਬਲਜੀਤ ਕੌਰ ਜੌਹਲ ਅਤੇ ਹੋਰ ਸਹਾਇਕ ਸਟਾਫ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਕੈਂਪ ਬੱਚਿਆਂ ਨੂੰ ਉੱਚ ਪੱਧਰੀ ਕ੍ਰਿਕਟ ਸਿਖਲਾਈ ਪ੍ਰਦਾਨ ਕਰੇਗਾ ਅਤੇ ਖਿਡਾਰੀਆਂ ਲਈ ਅਭਿਆਸ ਮੈਚ ਪ੍ਰਦਾਨ ਕਰੇਗਾ। ਡਾ. ਘਈ ਨੇ ਦੱਸਿਆ ਕਿ ਪੰਜਾਬ ਟੀਮ ਦੀ ਚੋਣ ਇਨ੍ਹਾਂ ਅਭਿਆਸ ਮੈਚਾਂ ਅਤੇ ਕੈਂਪ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਜਾਵੇਗੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਹੁਸ਼ਿਆਰਪੁਰ ਦੇ ਇਹ ਖਿਡਾਰੀ ਵਧੀਆ ਪ੍ਰਦਰਸ਼ਨ ਕਰਨਗੇ ਅਤੇ ਪੰਜਾਬ ਟੀਮ




ਵਿੱਚ ਆਪਣਾ ਦਾਅਵਾ ਪੇਸ਼ ਕਰਨਗੇ। ਖਿਡਾਰੀਆਂ ਦੀ ਇਸ ਚੋਣ 'ਤੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਨੇ ਸਮੂਹ ਐਸੋਸੀਏਸ਼ਨ ਵੱਲੋਂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ। ਖਿਡਾਰੀਆਂ ਦੀ ਚੋਣ 'ਤੇ ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ, ਸਹਾਇਕ ਕੋਚ ਨਿਕਿਤਾ ਕੁਮਾਰੀ, ਆਰਸੀਸੀ ਮੁੱਖ ਕੋਚ ਦਲਜੀਤ ਸਿੰਘ, ਆਰਸੀਸੀ ਟ੍ਰੇਨਰ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ, ਸਹਾਇਕ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ ਆਦਿ ਨੇ ਵੀ ਖਿਡਾਰੀਆਂ ਨੂੰ ਉਨ੍ਹਾਂ ਦੀ ਚੋਣ 'ਤੇ ਵਧਾਈ ਦਿੱਤੀ। ਫੋਟੋ ਅਜਮੇਰ ਦੀਵਾਨਾ

# ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਵੱਲੋਂ ਹਰਦੇਵ ਸਿੰਘ ਕੌਂਸਲ ਦਾ ਕੀਤਾ ਸਨਮਾਨ



**ਹੁਸ਼ਿਆਰਪੁਰ, (ਤਰਸੇਮ ਦੀਵਾਨਾ )** - ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ.ਹੁਸ਼ਿਆਰਪੁਰ ਵੱਲੋਂ ਚੇਅਰਮੈਨ ਸਰਬਜੀਤ ਸਿੰਘ ਬਡਵਾਲ, ਮੁੱਖ ਸਲਾਹਕਾਰ ਜਸਵਿੰਦਰ ਸਿੰਘ ਪਰਮਾਰ ਤੇ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਦੀ ਅਗਵਾਈ ਹੇਠ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਿਲ ਹੋਣ 'ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ ਅਤੇ ਮੁੱਖ ਸਲਾਹਕਾਰ ਜਸਵਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਟਕਸਾਲੀ ਅਕਾਲੀ ਪਰਿਵਾਰ ਨਾਲ ਸੰਬੰਧ ਰੱਖਦੇ ਹਰਦੇਵ ਸਿੰਘ ਕੌਂਸਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਸਮੇਤ ਹੋਰ ਅਹਿਮ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਦੇਣ ਦੇ ਨਾਲ ਨਾਲ ਅਕਾਲੀ ਦਲ 1920, ਲੋਕ ਇਨਸਾਫ ਪਾਰਟੀ ਦੇ ਬੀਸੀ ਵਿੰਗ ਦੇ ਸੂਬਾ ਪ੍ਰਧਾਨ ਵਜੋਂ ਵੀ ਸੇਵਾਵਾਂ ਦਿੱਤੀਆਂ ਸਨ ਜਿਸ ਦੇ ਚੱਲਦਿਆਂ ਹੁਣ ਉਹਨਾਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰੇਰਨਾ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਵਿੱਚ ਸ਼ਾਮਿਲ ਹੋਣ ਦਾ ਲਿਆ ਗਿਆ ਫ਼ੈਸਲਾ ਸਲਾਹੁਣਯੋਗ ਹੈ ਙ ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਸ਼ੁਰੂ ਤੋਂ ਹੀ ਟਕਸਾਲੀ ਅਕਾਲੀ ਰਿਹਾ ਅਤੇ ਹੁਣ ਉਨ੍ਹਾਂ ਨੂੰ ਵਾਪਾਸ ਆਪਣਿਆਂ ਜੜ੍ਹਾਂ ਨਾਲ ਜੁੜ ਕੇ ਵੱਡੀ ਖੁਸ਼ੀ ਹਾਸਿਲ ਹੋਈ ਹੈ ਉਹਨਾਂ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਮਜਬੂਤੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ਙ ਇਸ ਮੌਕੇ ਗੁਰਬਿੰਦਰ ਸਿੰਘ ਪਲਾਹਾ, ਪ੍ਰਿੰ ਬਲਵੀਰ ਸਿੰਘ ਸੈਣੀ ਜਨਰਲ ਸਕੱਤਰ, ਪ੍ਰਿੰਸੀਪਲ ਹਰਦੀਪ ਸਿੰਘ,ਬਲਵੀਰ ਸਿੰਘ ਸੈਬ, ਜਗਤਾਰ ਸਿੰਘ ਬਡਵਾਲ, ਗੁਰ-ਚਰਨ ਸਿੰਘ ਜਿੰਦ, ਹਰਕਮਲ ਸਿੰਘ ਬਿਲਖੂ,ਹਰਬਖਸ਼ਪਾਲ ਸਿੰਘ, ਸੁਖਦੀਪ ਸਿੰਘ ਭੱਚੂ ਕੈਨੇਡਾ, ਗੁਰਸੇਵਕ ਸਿੰਘ ਕੌਂਸਲ ਯੂਥ ਆਗੂ, ਅਜੀਤ ਸਿੰਘ ਸੋਨੂ, ਮਨਜੀਤ ਸਿੰਘ, ਇੰਦਰਪ੍ਰੀਤ ਸਿੰਘ ਬਡਵਾਲ, ਅਰਸ਼ਦੀਪ ਸਿੰਘ ਵਡਵਾਲ ਵੀ ਮੌਜੂਦ ਸਨ । ਫੋਟੋ ਅਜਮੇਰ

# ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾ ਦਾ ਸਲਾਨਾ ਖੇਡ ਮੇਲਾ ਅਗਲੇ ਸਾਲ ਫਿਰ ਮਿਲਣ ਦਾ ਵਾਅਦਾ ਕਰਕੇ ਹੋਇਆ ਸਮਾਪਤ : ਡਾ. ਆਸ਼ੀਸ਼ ਸਰੀਨ




**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾ (ਹੁਸ਼ਿਆਰਪੁਰ) ਵੱਲੋਂ 13 ਅਤੇ 14 ਨਵੰਬਰ ਨੂੰ ਦੋ ਦਿਨਾਂ ਦਾ ਸਲਾਨਾ ਖੇਡ ਮੇਲਾ ਬੜੇ ਉਤਸ਼ਾਹ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾ ਹੁਸ਼ਿਆਰਪੁਰ ਦੇ ਐਮ.ਡੀ. ਡਾ. ਆਸ਼ੀਸ਼ ਸਰੀਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 13 ਨਵੰਬਰ ਨੂੰ ਨਰਸਰੀ, ਐਲ ਕੇ ਜੀ ਅਤੇ ਯੂ ਕੇ ਜੀ ਦੇ ਨੰਨੇ-ਮੁੰਨੇ ਬੱਚਿਆਂ ਵੱਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ ਅਤੇ ਆਪਣੇ ਨਿੱਘੇ ਹੁਨਰ ਦਾ ਪ੍ਰਦਰਸ਼ਨ ਕੀਤਾ । ਉਹਨਾਂ ਦੱਸਿਆ ਕਿ 14 ਨਵੰਬਰ ਨੂੰ ਪਹਿਲੀ ਤੋਂ +2 ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਨੇ ਵੱਖੋ-ਵੱਖ ਖੇਡਾਂ—ਜਿਵੇਂ ਬਾਲੀਬਾਲ, ਬੈਡਮਿੰਟਨ, ਫੁੱਟਬਾਲ, ਖੋ-ਖੋ, ਰੱਸੀ-ਤਾਣ , ਲੰਬੀ ਦੌੜ , ਸ਼ਾਟ-ਪੁੱਟ ਆਦਿ ਵਿੱਚ ਸ਼ਾਨਦਾਰ ਜੋਹਰ ਵਿਖਾਏ । ਉਹਨਾਂ ਦੱਸਿਆ ਕਿ ਇਹ ਦੋਵੇਂ ਦਿਨ ਵਿਦਿਆਰਥੀਆਂ ਦੇ ਜੋਸ਼, ਅਨੁਸ਼ਾਸਨ ਅਤੇ ਖੇਡਾਂ ਪ੍ਰਤੀ ਸਮਰਪਣ ਦੇ ਪ੍ਰਤੀਕ ਸਾਬਤ ਹੋਏ। ਇਸ ਖੇਡ ਮੇਲੇ ਦੀ ਸੁਚੱਜੀ ਯੋਜਨਾ ਅਤੇ ਸਫਲਤਾ ਲਈ ਸਕੂਲ ਦੇ ਐਮ.ਡੀ. ਡਾ. ਆਸ਼ੀਸ਼ ਸਰੀਨ ਅਤੇ ਪੂਰੇ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ ਸਕੂਲ ਦੇ ਸਟਾਫ ਦੀ ਮਿਹਨਤ ਅਤੇ ਲਗਨ ਕਾਰਨ ਇਹ ਦੋਵੇਂ ਦਿਨ ਬਹੁਤ ਹੀ ਸਫਲ ਅਤੇ ਯਾਦਗਾਰ ਬਣੇ।

## ਰੁਲਦੂ ਦੀ ਸਲਾਹ
## ( ਵਿਅੰਗ )



ਚਲ ਮਿੱਤਰਾ ਬਾਬੇ ਬਣ ਜਾਈਏ ,
ਕੰਮ ਕਰਨ ਦੀ ਲੋੜ 'ਨੀਂ ਰਹਿਣੀ ।
ਚੇਲੇ ਦੋ ਚਾਰ ਆਪ ਬਣਾ 'ਲੀਏ ,
ਚੇਲੀਆਂ ਦੀ ਫ਼ਿਰ ਥੋੜ 'ਨੀਂ ਰਹਿਣੀ।
ਅਫ਼ਸਰ ਅਤੇ ਸਿਆਸੀ ਲੀਡਰ ,
ਆਪਣੀ ਚੌਂਕੀ ਭਰਿਆ ਕਰਨਗੇ ;
ਖਾਣ ਪੀਣ ਦੀਆਂ ਪੂਰੀਆਂ ਮੌਜਾਂ,
ਤੇ ਨਸ਼ੇ ਪੱਤੇ ਦੀ ਤੋੜ 'ਨੀਂ ਰਹਿਣੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਕਵਿਤਾ



ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਰਾਜਨੇਤਾ ਇਮਾਨਦਾਰ ਹੋ ਜਾਣਗੇ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਬਲਾਤਕਾਰ ਬਿਲਕੁਲ ਰੁਕ ਜਾਣਗੇ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਬੇਟੇ ਮਾਂ ਪਿਓ ਦੀ ਸੇਵਾ ਕਰਨਗੇ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਚੀਜ਼ਾ ਵਿੱਚ ਮਿਲਾਵਟ ਬੰਦ ਹੋ ਜਾਏਗੀ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਮਹਿੰਗਾਈ ਵਿੱਚ ਰੁਕਾਵਟ ਆ ਜਾਏਗੀ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਨੈਤਿਕਤਾ ਸਭ ਤੋਂ ਉੱਤੇ ਹੋਏਗੀ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਗਰੀਬੀ ਬਿਲਕੁਲ ਖਤਮ ਹੋ ਜਾਏਗੀ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ
ਜਦੋਂ ਛੋਟੇ ਵੱਡਿਆਂ ਦੀ ਇੱਜਤ ਕਰਿਆ ਕਰਨਗੇ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਤਾਕਤਵਰ ਲੋਕ ਨਮਰਤਾ ਵਾਲੇ ਹੋ ਜਾਣਗ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਭਰਾ ਆਪਸ ਵਿੱਚ ਮਿਲ ਕੇ ਰਹਿਣਗੇ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਧਰਮ ਦੇ ਨਾਂ ਤੇ ਠੱਗੀ ਰੁਕ ਜਾਏਗੀ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਅਮੀਰ ਗਰੀਬ ਨੂੰ ਗਲ ਨਾਲ ਲਾਉਗਾ।
ਕੀ ਕਦੇ ਐਸੇ ਚੰਗੇ ਦਿਨ ਆਉਣਗੇ?
ਜਦੋਂ ਸਭ ਲੋਕਾਂ ਨੂੰ ਰੁਜ਼ਗਾਰ ਮਿਲ ਜਾਵੇਗਾ।।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ** 94 16 35 90 45
**ਰੋਹਤਕ ਹਰਿਆਣਾ**

## ਰੁੱਖ ਦਾਤਾਂ ਵੰਡਦੇ ਨੇ....

ਰੁੱਖ ਦਾਤਾਂ ਵੰਡਦੇ ਨੇ
ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ ,
ਰੁੱਖ ਖੁਸ਼ੀਆਂ ਦਿੰਦੇ ਨੇ
ਹਰ ਕੋਈ ਇਹਨਾਂ ਨੂੰ ਪਾਣੀ ਪਾਵੇ ,
ਰੁੱਖ ਵੰਡਣ ਸਾਡੇ ਦੁੱਖ
ਹਰ ਕੋਈ ਸੱਚੇ ਦਿਲੋਂ ਸੀਨੇ ਲਾਵੇ ,
ਰੁੱਖ ਬਣਾ ਲੈਂਦੇ ਰਿਸ਼ਤੇ
ਹਰ ਕੋਈ ਪਿਆਰ ਇਹਨਾਂ ਨਾਲ਼ ਪਾਵੇ ,
ਰੁੱਖ ਸਭ ਨੂੰ ਸੁੱਖ ਦਿੰਦੇ ਰਹਿੰਦੇ
ਆਪ ਠੰਢ - ਗਰਮੀ ਹੰਡਾਉਂਦੇ ,
ਜਨਮ ਤੋਂ ਲੈ ਕੇ ਮੌਤ ਤੱਕ
ਮਨੁੱਖ ਦਾ ਹਰ ਪਲ ਸਾਥ ਨਿਭਾਉਂਦੇ ,
ਕੀ - ਕੀ ਦੱਸਾਂ ' ਧਰਮਾਣੀ ' ਰੁੱਖਾਂ ਬਾਰੇ ,
ਹਰ ਮੁਸ਼ਕਲ ਤੋਂ ਸਾਨੂੰ ਬਚਾਉਂਦੇ ,
ਆਪ ਭਾਵੇਂ ਰੋਈ ਜਾਵਣ ,
ਪਰ ਸਭ ਪ੍ਰਾਣੀਆਂ ਨੂੰ ਇਹ ਹਸਾਉਂਦੇ ,
ਇਹ ਸਭ ਦਾ ਜੀਵਨ ਚਲਾਉਂਦੇ
ਤਾਂ ਹੀ ਸਭ ਦੇ ਮਨ ਨੂੰ ਭਾਉਂਦੇ ,
ਰੁੱਖ ਦਾਤਾਂ ਵੰਡਦੇ ਨੇ
ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ ,
ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
9478561356
**( ਸਾਹਿਤ ਵਿੱਚ ਕੀਤੇ ਵਿਸ਼ੇਸ਼ ਕਾਰਜਾਂ ਦੇ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ਼ ਹੈ )**

## ਵਿਅੰਗਮਈ ਮਿੱਠੜੀਆਂ

ਉਹ ਜੋ ਰੋਜ਼ ਕਰਦਾ ਨਵਾਂ ਘੋਟਾਲਾ ਹੈ।
ਲੱਗਦੇ ਵੱਡੇ ਮੰਤਰੀ ਦਾ ਹੀ ਸਾਲਾ ਹੈ।

'ਉਸ' ਨੂੰ ਦੇਖੋ ਜੋ ਸੂਟ ਲੱਖਾਂ ਦਾ ਪਾਵੇ,
ਨਾ ਹੁਣ ਖਾਦੀ ਹੈ, ਨਾ ਖਾਦੀ ਵਾਲਾ ਹੈ।

ਦੇਸ ਦੇ ਕੋਨੇ - ਕੋਨੇ ਵਿੱਚੋਂ ਪੁਕਾਰ ਉੱਠੇ,
ਹੁਣ ਤਾਂ'ਚਾਹ ਵਾਲੇ' ਦਾ ਬੋਲ ਬਾਲਾ ਹੈ।

ਵੱਡੇ-ਵੱਡੇ ਨੇਤਾਵਾਂ ਨੇ ਮੂੰਹ ਹੁਣ ਬੰਦ ਰੱਖੇ,
ਬੁੱਲ੍ਹਾਂ ਨੂੰ ਮਾਰਿਆ ਜਿਵੇਂ ਰੋਪੜੀ ਤਾਲਾ ਹੈ।

ਬੋਲਦੀ ਬੰਦ ਜਨਤਾ ਦੀ ਹੈ ਇੰਜ ਕੀਤੀ,
ਹਰ ਪਾਸੇ ਕਰੱਪਸ਼ਨ ਦਾ ਬੋਲ-ਬਾਲਾ ਹੈ।

ਪਾਣੀ ਭਾਖੜੇ ਦਾ ਤਾਂ ਦੂਜੇ ਰਾਜ ਲੈ ਗਏ,
ਪੱਲੇ ਰਹਿ ਗਿਆ ਸਾਡੇ ਗੰਦਾ ਨਾਲਾ ਹੈ।

ਨੀਲੀ, ਪੀਲੀ, ਚਿੱਟੀ, 'ਸੁੰਡੀ'ਤੋਂ ਬਚੋ ਲੋਕੋ,
ਤੁਹਾਡੇ ਕੋਲ ਮਾਰਨੇ ਦਾ ਨਾਂਹੀ ਮਸਾਲਾ ਹੈ।

ਸਪਰੇਅ ਨਕਲੀ,ਫ਼ਸਲਾਂ ਨਾ ਬਚ ਸਕੀਆਂ,
ਮੰਤਰੀਆਂ ਦੇ ਹੇਜ ਨੇ ਸਾਂਨੂੰ ਮਾਰ ਡਾਲਾ ਹੈ।

ਚੰਗੇ ਉਮੀਦਵਾਰ ਲੱਭੋ, ਲੜੋ ਚੋਣ ਡਟ ਕੇ,
ਸਮਾ ਇਲੈੱਕਸ਼ਨਾਂ ਦਾ ਆਵਨੇ ਵਾਲਾ ਹੈ।

ਮੋਮੋ -ਠਗਣੀਆਂ 'ਚ, ਫਸੋਗੇ ਜੇ ਏਸ ਬਾਰ,
ਪਰਨਾਲਾ ਉੱਥੇ ਦਾ ਉੱਥੇ ਰਹਿਣ ਵਾਲਾ ਹੈ।

ਪੀਣ ਵਾਲੇ ਤਾਂ ਸੋਮਰਸ ਦਾ ਸਵਾਦ ਮਾਣਨ,
'ਸੁਰਜੀਤ' ਦੇ ਹੱਥਾਂ 'ਚ ਖ਼ਾਲੀ ਪਿਆਲਾ ਹੈ।



**ਸੁਰਜੀਤ ਸਿੰਘ ਭੁੱਲਰ**

# ਸ਼ਵਨਜੋਤ ਸਿੰਘ ਥਿੰਦ ਨੂੰ ਭੋਗ ਤੇ ਅੰਤਿਮ ਅਰਦਾਸ ਉਪਰੰਤ ਅਲੱਗ -ਅਲੱਗ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ

## ਭਾਈ ਦਲਜੀਤ ਸਿੰਘ ਦੇ ਜਥੇ ਵੱਲੋਂ ਕੀਤਾ ਵਿਰਾਗ ਮਈ ਕੀਰਤਨ








**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਪਿਛਲੇ ਬੀਕੇਯੂ ਪੰਜਾਬ ਇਕਾਈ ਜਲੰਧਰ ਤੋਂ ਨਕੋਦਰ ਤਹਿਸੀਲ ਦੇ ਪ੍ਰਧਾਨ ਸ੍ਰ ਗੁਰਦੀਪ ਸਿੰਘ ਥਿੰਦ ਦੇ ਪੋਤਰੇ ਕਾਕਾ ਸ਼ਵਨਜੋਤ ਸਿੰਘ ਥਿੰਦ ਸੰਖੇਪ ਬਿਮਾਰੀ ਉਪਰੰਤ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸ਼ਵਨਜੋਤ ਸਿੰਘ ਥਿੰਦ ਦੀ ਅੰਤਿਮ ਅਰਦਾਸ ਮੌਕੇ ਅਲੱਗ - ਅਲੱਗ ਜਥੇਬੰਦੀਆਂ ਵੱਲੋਂ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ। ਸ਼ਵਨਜੋਤ ਸਿੰਘ ਥਿੰਦ ਦੀ ਅੰਤਿਮ ਅਰਦਾਸ ਨਮਿਤ ਰੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਿੰਡ ਬਾਗੀ ਵਾਲ ਵਿਖੇ ਪਾਏ ਗਏ। ਇਸ ਮੌਕੇ ਪੁੱਜੇ ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਵੱਲੋਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਕਿਹਾ ਕਿ ਦੁਖ ਦੀ ਇਸ ਘੜੀ ਵਿਚ ਬੀਕੇਯੂ ਪੰਜਾਬ ਪਰਿਵਾਰ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਸ਼ਵਨਜੋਤ ਸਿੰਘ ਦੇ ਅਚਨਚੇਤ ਦਿੱਤੇ ਵਿਛੋੜੇ ਦੀ ਭਰਪਾਈ ਅਕਾਲ ਪੁਰਖ ਵਾਹਿਗੁਰੂ ਹੀ ਕਰ ਸਕਦੇ ਹਨ। ਸੰਧੂ ਸਾਹਬ ਨੇ ਕਿਹਾ ਕਿ ਅਸੀਂ ਸੰਗਤਾਂ ਦੇ ਚਰਨਾਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਸੰਗਤਾਂ ਦੀ ਅਰਦਾਸ ਕਬੂਲ ਕਰਨ ਅਤੇ ਮਾਪਿਆਂ ਦੀ ਖਾਲੀ ਝੋਲੀ ਨੂੰ ਦੁਬਾਰਾ ਭਰ ਦੇਣ। ਇਸ ਮੌਕੇ ਪੁੱਜੇ ਅਲੱਗ ਅਲੱਗ ਜਥੇਬੰਦੀਆਂ ਦੇ ਬੁਲਾਰਿਆਂ ਵਿਚੋਂ ਸੁਰਜੀਤ ਸਿੰਘ ਰੰਧਾਵਾ ਤਹਿਸੀਲ ਪ੍ਰਧਾਨ ਧਰਮਕੋਟ ਬੀਕੇਯੂ ਪੰਜਾਬ, ਸ਼੍ਰੋਮਣੀ ਅਕਾਲੀ ਦਲ ਸਿਮਰਨਜੀਤ ਸਿੰਘ ਮਾਨ ਵੱਲੋਂ ਜਥੇਦਾਰ ਸੁਲੱਖਣ ਸਿੰਘ, ਕਾਮਰੇਡ ਨਿਰਮਲ ਸਿੰਘ ਮਲਸੀਆਂ, ਵੱਲੋਂ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਭਾਈ ਦਲਜੀਤ ਸਿੰਘ ਮਹਿਤਪੁਰ ਵਾਲਿਆਂ ਦੇ ਜਥੇ ਵੱਲੋਂ ਵਿਰਾਗ ਮਈ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਪ੍ਰੋਗਰਾਮ ਦੀ ਸਮਾਪਤੀ ਤੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਅਤੇ ਬੀਕੇਯੂ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਚੰਦੀ ਨੇ ਪਰਿਵਾਰ ਦੀ ਤਰਫੋਂ ਪਹੁੰਚੀਆਂ ਧਾਰਮਿਕ, ਸਿਆਸੀ, ਕਿਸਾਨ, ਮਜ਼ਦੂਰ ਜਥੇਬੰਦੀਆਂ ਅਤੇ ਆੜਤੀਆਂ ਐਸੋਸੀਏਸ਼ਨ ਸਮੇਤ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਉਪਰੋਕਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।

# ਸਕੂਲ ਵਿੱਚ ਦੋ ਰੋਜ਼ਾ ਅਥਲੈਟਿਕ ਮੀਟ ਕਰਵਾਕੇ ਮਨਾਇਆ ਗਿਆ ਚਿਲਡਰਨ ਡੇ









**ਸੰਦੀਪ ਸਿੰਘ 'ਬਖੋਪੀਰ' (ਸਮਾਜ ਵੀਕਲੀ) :** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਵਿੱਚ ਚਿਲਡਰਨ ਡੇ ਦੋ ਰੋਜ਼ਾ ਅਥਲੈਟਿਕ ਮੀਟ ਕਰਵਾ ਕੇ ਮਨਾਇਆ ਗਿਆ ਪਹਿਲੇ ਦਿਨ ਦੇ ਮੁੱਖ ਮਹਿਮਾਨ ਸਕੂਲ ਦੇ ਚੇਅਰਮੈਨ ਬਾਬਾ ਕਿਰ–ਪਾਲ ਸਿੰਘ ਜੀ ਸਨ, ਉਨਾਂ ਦੇ ਨਾਲ ਬਾਬਾ ਚੰਨ ਜੀ ਵੀ ਹਾਜ਼ਰ ਸਨ ਬਾਬਾ ਜੀ ਨੇ ਸਭ ਤੋਂ ਪਹਿਲਾਂ ਤਿਰੰਗਾ ਝੰਡਾ ਲਹਿਰਾਇਆ ਉਪਰੰਤ ਮਾਰਚ ਪਾਸ ਟੀਮਾਂ ਤੋਂ ਸਲਾਮੀ ਲਈ ਰਸਮੀ ਤੌਰ ਤੇ ਸਕੂਲ ਦੇ ਹੋਣ–ਹਾਰ ਸਪੋਰਟਸ ਖਿਡਾਰੀਆਂ ਵੱਲੋਂ ਮਿਸਾਲ ਲੈ ਕੇ ਸਲਾਨਾ ਖੇਡਾਂ ਦਾ ਆਗਾਜ਼ ਕੀਤਾ ਗਿਆ ਬਾਬਾ ਜੀ ਵੱਲੋਂ ਕਬੂਤਰ ਅਤੇ ਬੈਲੂਨ ਉਡਾ ਕੇ 100 ਮੀਟਰ ਰੇਸ ਦਾ ਰਸਮੀ ਆਗਾਜ਼ ਕੀਤਾ, ਸਕੂਲ ਦੇ ਚਾਰੋਂ ਹਾਊਸ ਦੇ ਵਿਦਿਆਰਥੀਆਂ ਨੇ ਇਹਨਾਂ ਦੋ ਰੋਜ਼ਾ ਖੇਡਾਂ ਵਿੱਚ ਭਾਗ ਲਿਆ ਖੇਡਾਂ ਵਿੱਚ ਟਰੈਕ ਅਤੇ ਗਰਾਉਂਡ ਇਵੈਂਟਾ ਤੋਂ ਇਲਾਵਾ ਛੋਟੇ ਬੱਚਿਆਂ ਦੀਆਂ ਫਨੀ ਗੇਮਾਂ ਵੀ ਕਰਵਾਈਆਂ ਗਈਆਂ । ਦੂਸਰੇ ਦਿਨ ਦੇ ਮੁੱਖ ਮਹਿਮਾਨ ਜਗਤਾਰ ਸਿੰਘ ਜੀ ਜੋਨ ਸਕੱਤਰ ਜੀ ਸਨ ਬਲਜਿੰਦਰ ਸਿੰਘ ਜੀ ਹਰਵਿੰਦਰ ਸਿੰਘ ਕਾਕੜਾ, ਤੇ ਗੁਰਪ੍ਰੀਤ ਸਿੰਘ ਜੀ ਇਹਨਾਂ ਦੇ ਨਾਲ ਉਚੇਚੇ ਤੌਰ ਤੇ ਹਾਜ਼ਰੀ ਲਗਵਾਈ,ਦੋ ਰੋਜਾ ਖੇਡਾਂ ਦੀ ਸਮਾਪਤੀ ਉਪਰੰਤ ਜੇਤੂ ਵਿਦਿਆਰਥੀਆਂ ਨੂੰ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ, ਬਾਬਾ ਅਜੀਤ ਸਿੰਘ ਜੀ ਹਾਊਸ ਓਵਰਆਲ ਬੈਸਟ ਹਾਊਸ ਜੇਤੂ ਘੋਸ਼ਿਤ ਕੀਤਾ ਗਿਆ, ਵਿਦਿਆਰਥੀਆਂ ਦੇ ਮਨੋਰੰਜਨ ਲਈ ਸਕੂਲੀ ਅਧਿਆਪਕਾਂ ਵੱਲੋਂ ਵੀ ਵੱਖ–ਵੱਖ ਈਵੈਂਟਾਂ ਵਿੱਚ ਭਾਗ ਲੈ ਕੇ ਬੱਚਿਆਂ ਦਾ ਉਤਸ਼ਾਹ ਵਧਾਇਆ ਗਿਆ, ਸਕੂਲ ਦੀਆਂ ਆਂਟੀਆਂ ਵੱਲੋਂ ਵੀ 100 ਮੀਟਰ ਰੇਸ ਵਿੱਚ ਭਾਗ ਲਿਆ ਗਿਆ ਦੋਵੇਂ ਦਿਨ ਬੱਚਿਆਂ ਨੂੰ ਰਿਫਰੈਸ਼ਮੈਂਟ ਉਪਰੰਤ ਫਨੀ ਗੇਮਾਂ ਕਰਵਾਈਆਂ ਜਾਂਦੀਆਂ ਸਨ, ਪ੍ਰਾਇਮਰੀ ਵਿੰਗ ਦੇ ਬੱਚਿਆਂ ਵੱਲੋਂ ਦੋਵੇਂ ਦਿਨ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਾਂਝੇ ਰੂਪ ਵਿੱਚ ਦੋ ਰੋਜ਼ਾ ਖੇਡਾਂ ਨੂੰ ਧੂਮ ਧਾਮ ਨਾਲ ਸ਼ੁਰੂ ਅਤੇ ਸਮਾਪਤ ਕੀਤਾ, ਮੌਕੇ ਉੱਤੇ ਕੋਆਰਡੀਨੇਟਰ ਮੈਡਮ ਬਲਜੀਤ ਕੌਰ ਮੈਡਮ ਹਰਗਿੰਦਰ ਕੌਰ ਪਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ,ਮੈਨੇਜਰ ਸਰਦਾਰ ਸਰਬਜੀਤ ਸਿੰਘ ਮਨੇਜਮੈਂਟ ਮੈਂਬਰ ਦਵਿੰਦਰ ਸਿੰਘ, ਹਰਿੰਦਰ ਸਰ,ਸਨਮੀਤ ਸਿੰਘ,ਡੀ.ਪੀ ਅਧਿਆਪਕ ਅਵਤਾਰ ਸਿੰਘ ਮਨਪ੍ਰੀਤ ਕੌਰ ਸਟੇਜ ਸੰਚਾਲਕ ਮੈਡਮ ਨਵਜੋਤ ਕੌਰ ਅਤੇ ਪੰਜਾਬੀ ਅਧਿਆਪਕ ਸੰਦੀਪ ਸਿੰਘ ਆਦਿ ਮੌਜੂਦ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਸੈਮੀਨਾਰ ਕਰਵਾਇਆ

**ਬਰਨਾਲਾ, ( ਚੰਡਿਹੋਕ ) :** ਐੱਸ.ਐੱਸ.ਡੀ ਕਾਲਜ ਬਰਨਾਲਾ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਕਾਲਜ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਸਮਾਗਮ ਦੀ ਮੁੱਖ ਅਗਵਾਈ ਕਰਦੇ ਹੋਏ ਗੁਰੂ ਜੀ ਦੇ ਬਲੀਦਾਨ ਨੂੰ ਮਨੁੱਖਤਾ ਦੇ ਰੱਖਿਆ ਸਤੰਭ ਦੇ ਰੂਪ ਵਿੱਚ ਵਿਆਖਿਆ ਕੀਤਾ। ਇਸ ਸਮਾਗਮ ਦੀ ਵਿਸ਼ੇਸ਼ ਅਗਵਾਈ ਪ੍ਰੋ: ਭਾਰਤ ਭੂਸ਼ਣ ਅਤੇ ਪ੍ਰੋ: ਅਮਨਦੀਪ ਕੌਰ ਹਿਸਟਰੀ ਵੱਲੋਂ ਕੀਤੀ ਗਈ। ਦੋਵਾਂ ਅਧਿਆਪਕਾਂ ਨੇ ਗੁਰੂ ਜੀ ਦੀ ਕੁਰਬਾਨੀ ਨੂੰ ਇਤਿਹਾਸਿਕ, ਧਾਰਮਿਕ ਅਤੇ ਸਮਾਜਕ ਪਰਿਪ੍ਰੇਖ ਵਿੱਚ ਸਮਝਾਉਂਦੇ ਹੋਏ ਵਿਦਿਆਰਥੀਆਂ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ। ਵਕਤਾਵਾਂ ਨੇ ਗੁਰੂ ਜੀ ਨੂੰ "ਹਿੰਦ ਦੀ ਚਾਦਰ" ਵਜੋਂ

ਸਮਾਜ ਵੀਕਲੀ ਨਿਊਜ਼



ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਜੀਵਨ-ਸੰਦੇਸ਼ ਸੱਚ, ਨਿਰਭੀਕਤਾ ਅਤੇ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਕਾਲਜ ਦੇ ਵਿਦਿਆਰਥੀਆਂ ਨੇ ਲੈਕਚਰ ਨੂੰ ਗਹਿਰੀ ਦਿਲਚਸਪੀ ਨਾਲ ਸੁਣਿਆਂ। ਇਸ ਸਮੇਂ ਪ੍ਰੋ: ਦਲਵੀਰ ਕੌਰ ਅਤੇ ਪ੍ਰੋ: ਹਰਪ੍ਰੀਤ ਕੌਰ ਨੇ ਅਪਣੀ ਹਾਜ਼ਰੀ ਲਗਵਾਈ ਅਤੇ ਸਾਰਿਆਂ ਨੇ ਗੁਰੂ ਜੀ ਦੇ ਅਸੂਲਾਂ ਨੂੰ ਜੀਵਨ ਵਿੱਚ ਲਾਗੂ ਕਰਨ ਦਾ ਸੰਕਲਪ ਕੀਤਾ।

## ਪੁਰਾਣੀ ਪੈਨਸ਼ਨ ਬਹਾਲੀ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਫੂਕੀਆਂ ਗਈਆਂ ਕਾਪੀਆਂ



**ਰਾਏਕੋਟ ਗੁਰਭਿੰਦਰ ਸਿੰਘ ਗੁਰੀ**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀ. ਪੀ. ਐੱਫ਼. ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਅੱਜ ਪੁਰਾਣੀ ਪੈਨਸ਼ਨ ਦੇ 18 ਨਵੰਬਰ, 2022 ਵਾਲੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਬਲਾਕ ਪ੍ਰਧਾਨ ਸੁਭਾਸ਼ ਗੋਇਲ, ਹਰਜਿੰਦਰ ਸਿੰਘ ਅਤੇ ਸ਼ਿੰਗਾਰਾ ਸਿੰਘ ਦੀ ਅਗਵਾਈ ਵਿੱਚ ਵੱਖ - ਵੱਖ ਥਾਵਾਂ 'ਤੇ ਫੂਕੀਆਂ ਗਈਆਂ । ਆਗੂਆਂ ਨੇ ਕਿਹਾ ਕਿ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਮੁੱਖ ਮੰਤਰੀ ਪੰਜਾਬ ਨੇ ਲਾਈਵ ਹੋ ਕੇ ਕੀਤਾ ਸੀ ਅਤੇ ਕਿਹਾ ਸੀ ਕਿ ਅਸੀਂ ਪੁਰਾਣੀ ਪੈਨਸ਼ਨ ਬਹਾਲ ਕਰਨ ਜਾ ਰਹੇ ਹਾਂ, ਜਿਸ ਦੀ ਐੱਸ .ਓ.ਪੀ. ਬਾਅਦ ਵਿੱਚ ਜਾਰੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਪੁਰਾਣੀ ਪੈਨਸ਼ਨ ਦੀ ਐੱਸ. ਓ.ਪੀ. ਜਾਰੀ ਨਹੀਂ ਕੀਤੀ ਗਈ, ਜੋ ਕਿ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੋਖਾ ਹੈ। ਉਹਨਾਂ ਕਿਹਾ ਕਿ ਸਰਕਾਰ ਆਪਣੇ ਵਾਅਦੇ ਤੋਂ ਭੱਜ ਰਹੀ ਹੈ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਜੋ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਨਾਉਣ ਜਾ ਰਹੀ ਹੈ, ਉਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਐਲਾਨ ਕਰੇ ਅਤੇ ਐੱਨ.ਪੀ. ਐੱਸ. ਦੇ ਖਾਤੇ ਬੰਦ ਕਰਕੇ ਜੀ.ਪੀ. ਐੱਫ਼. ਦੇ ਖਾਤੇ ਤੁਰੰਤ ਖੋਲ੍ਹੇ ।ਆਗੂਆਂ ਨੇ ਸਾਰੇ ਮੁਲਾਜ਼ਮਾਂ ਨੂੰ 25 ਨਵੰਬਰ ਦੀ ਦਿੱਲੀ ਵਿਖੇ ਹੋਣ ਜਾ ਰਹੀ ਇਤਿਹਾਸਿਕ ਮਹਾਂਰੈਲੀ ਦੀ ਜੋਰ-ਸ਼ੋਰ ਨਾਲ ਤਿਆਰੀ ਕਰਨ ਲਈ ਕਿਹਾ। ਇਸ ਮਹਾਂਰੈਲੀ ਵਿੱਚ ਪੰਜਾਬ ਤੋਂ ਐੱਨ. ਪੀ. ਐੱਸ. ਕਰਮਚਾਰੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਸਮਾਜ ਵੀਕਲੀ ਨਿਊਜ਼

ਵੱਖ - ਵੱਖ ਥਾਵਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਦੇ ਰੋਸ ਦਿਵਸ ਵਿੱਚ ਬਲਾਕ ਰਾਏਕੋਟ ਦੇ ਸੈਂਕੜੇ ਅਧਿਆਪਕ ਕੁਲਵਿੰਦਰ ਸਿੰਘ, ਚਰਨਜੀਤ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ, ਕੇਸਰ ਸਿੰਘ, ਮੈਡਮ ਮਨਪ੍ਰੀਤ ਕੌਰ, ਕਮਲਜੀਤ ਕੌਰ, ਜਤਿੰਦਰ ਕੌਰ, ਸੁਖਵੀਰ ਕੌਰ, ਮਨਜੀਤ ਕੌਰ (ਪ੍ਰਾਇਮਰੀ ਵਿੰਗ) ਸ਼੍ਰੀ ਕੇਵਲ ਕ੍ਰਿਸ਼ਨ, ਸ਼੍ਰੀਮਤੀ ਕਵਲਜੀਤ ਕੌਰ, ਸ਼੍ਰੀਮਤੀ ਜਸਵਿੰਦਰ ਕੌਰ, ਸ਼੍ਰੀਮਤੀ ਮਨਦੀਪ ਕੌਰ, ਸ਼੍ਰੀਮਤੀ ਭੁਪਿੰਦਰ ਕੌਰ, ਸ਼੍ਰੀਮਤੀ ਦਰਸ਼ਨਾ, ਸ਼੍ਰੀ ਵਿਕਾਸ ਕੁਮਾਰ ਗੋਇਲ, ਕੈਂਪਸ ਮੈਨੇਜਰ ਜਸਵੀਰ ਸਿੰਘ (ਸੈਕੰਡਰੀ ਵਿੰਗ) ਆਦਿ ਅਧਿਆਪਕ ਸਾਹਿਬਾਨ ਹਾਜ਼ਰ ਸਨ। ਸਮੂਹ ਅਧਿਆਪਕਾਂ ਨੇ ਆਪਣਾ ਰੋਸ ਜ਼ਾਹਿਰ ਕਰਕੇ ਪੰਜਾਬ ਸਰਕਾਰ ਤੋਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਜ਼ੋਰਦਾਰ ਮੰਗ ਕੀਤੀ।

## ਜ਼ਿਲ੍ਹੇ ਦੇ ਪੱਤਰਕਾਰਾਂ ਨੇ ਸ਼ਹੀਦ ਸਰਾਭਾ ਨੂੰ ਯਾਦ ਕਰਦਿਆਂ ਪੱਤਰਕਾਰਾਂ ਦੀਆਂ ਮੰਗਾਂ ਲਈ ਰੋਸ ਪ੍ਰਦਰਸ਼ਨ ਕੀਤਾ

**ਸਰਾਭਾ, ਨਵੰਬਰ (ਚਰਨਜੀਤ ਸੱਲ੍ਹਾਂ )** ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਤੇ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਤੋਂ ਮੂੰਹ ਉਪਰ ਕਾਲੀਆਂ ਪੱਟੀਆਂ ਬੰਨ੍ਹ ਕੇ ਪ੍ਰੈੱਸ ਦੀ ਅਜ਼ਾਦੀ ਉਪਰ ਦਿਨੋਂ-ਦਿਨ ਵੱਧ ਰਹੇ ਹਮਲਿਆਂ ਵਿਰੁੱਧ ਰੋਸ ਪ੍ਰਗਟ ਕਰਦਿਆਂ ਪੱਤਰਕਾਰਾਂ ਦੀਆਂ ਚਿਰਾਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਪਿੰਡ ਸਰਾਭਾ ਦੇ ਮੁੱਖ ਚੌਕ ਵਿੱਚ ਸ਼ਹੀਦ ਦੇ ਬੁੱਤ ਤੱਕ ਰੋਸ ਮਾਰਚ ਕਰਨ ਉਪਰੰਤ ਆਗੂਆਂ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਦਰਸ਼ਨਕਾਰੀ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਸਕੱਤਰ ਸੰਤੋਖ ਗਿੱਲ ਨੇ ਦੋਸ਼ ਲਾਇਆ ਕਿ ਜਿਸ ਮੀਡੀਆ ਦੇ ਸਹਾਰੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਉਪਰ ਕਾਬਜ਼ ਹੋਈ ਸੀ, ਅੱਜ ਉਸੇ ਮੀਡੀਆ ਪ੍ਰਤੀ ਬੇਹੱਦ ਮਾੜਾ ਰਵੱਈਆ ਅਖ਼ਤਿਆਰ ਕਰ ਲਿਆ ਹੈ।




ਸਮਾਜ ਵੀਕਲੀ ਨਿਊਜ਼

ਪਿਛਲੇ ਕਰੀਬ ਪੌਣੇ ਚਾਰ ਸਾਲਾਂ ਤੋਂ ਸੂਬਾ ਸਰਕਾਰ ਨੇ ਪਿਛਲੀਆਂ ਸਰਕਾਰਾਂ ਵੱਲੋਂ ਦਿੱਤੀਆਂ ਨਿਗੂਣੀਆਂ ਸਹੂਲਤਾਂ ਨੂੰ ਵੀ ਖੋਰਾ ਲਾ ਦਿੱਤਾ ਹੈ।ਉਨ੍ਹਾਂ ਪੰਜਾਬ ਦੇ ਸਾਰੇ ਪੱਤਰਕਾਰਾਂ ਅਤੇ ਡੈਸਕ ਸਟਾਫ਼ ਲਈ ਪੈਨਸ਼ਨ, ਹਰਿਆਣਾ ਪੈਟਰਨ ਉਪਰ ਮੁਫ਼ਤ ਬੱਸ ਸਫ਼ਰ, ਰਿਹਾਇਸ਼ੀ ਮਕਾਨਾਂ ਜਾਂ ਫਲੈਟਾਂ ਲਈ ਰਿਆਇਤੀ ਦਰਾਂ ਉਪਰ ਜ਼ਮੀਨਾਂ ਅਲਾਟ ਕਰਨ ਤੋਂ ਇਲਾਵਾ ਸਰਬੱਤ ਬੀਮਾ ਯੋਜਨਾ ਸਾਰੇ ਪੱਤਰਕਾਰਾਂ ਉਪਰ ਲਾਗੂ ਕਰਨ ਅਤੇ ਚੰਡੀਗੜ੍ਹ ਸਥਿਤ ਪੱਤਰਕਾਰਾਂ ਲਈ ਮਕਾਨ ਦਾ ਕੋਟਾ 15 ਤੋਂ ਵਧਾ ਕੇ 50 ਕਰਨ ਅਤੇ ਜ਼ਿਲ੍ਹਿਆਂ ਵਿੱਚ ਪੱਤਰਕਾਰਾਂ ਨੂੰ ਸਰਕਾਰੀ ਰਿਹਾਇਸ਼ ਦੇਣ ਸਮੇਤ ਹੋਰ ਮੰਗਾਂ ਫ਼ੌਰੀ ਪੂਰੀਆਂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ 16 ਨਵੰਬਰ ਤੋਂ 29 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਢੰਗ ਤਰੀਕਿਆਂ ਨਾਲ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪੱਤਰਕਾਰਾਂ ਦੀਆਂ ਮੰਗਾਂ ਲਈ ਅਵਾਜ਼ ਬੁਲੰਦ ਕੀਤੀ ਜਾਵੇਗੀ ਅਤੇ 29 ਨਵੰਬਰ ਨੂੰ ਬਰਨਾਲਾ ਵਿੱਚ ਹੋਣ ਵਾਲੀ ਸੂਬਾਈ ਕਾਨਫ਼ਰੰਸ ਮੌਕੇ ਅਗਲੇ ਸੰਘਰਸ਼ ਦੀ ਵਿਉਂਤਬੰਦੀ ਕੀਤੀ ਜਾਵੇਗੀ।ਸਾਥੀ ਪੱਤਰਕਾਰਾਂ ਦੇ ਹੋਰ ਨਾਮ ਸ਼ਾਮਲ ਕਰ ਕੇ ਸਾਰੇ ਸਟੇਸ਼ਨਾਂ ਤੋਂ ਖ਼ਬਰ ਭੇਜਣ ਦੀ ਖੇਚਲ ਕੀਤੀ ਜਾਵੇ।

**ਧੰਨਵਾਦ ਸਹਿਤ।**
**ਸੰਤੋਖ ਗਿੱਲ**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਡਿਪ੍ਰੈਸ਼ਨ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA) ... (HYDROCELE) ... (GONORRHOEA) ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea) ... (Atrophy of Mammae) ... (Mastitis) ... (Uterus) ... (Physometra) ... (Fibroid Uterine) ... (Diseases of Ovaries) ... (Ovarian Cysts) ... (Vaginimus) ... (Vaginitis) ... (Frigidity) ... (Prutitis) ... (Sterility) ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖ਼ੇ (SCIENTIFICALLY PROVEN 'NATURAL GIFTS')

... INFORMATION ... (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL ("MAGIC") ... £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

## ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering) ... (Tonsilits) ... (Worms) ... (Enuresis) ... (Wheezing Problem) ... (Eczema) ... (Psoriasis) ... (Anaemia) ... (Backward Children) ... (Rickets) ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

... ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਪਿੱਪਲ ਦਾ ਦਰਖਤ ਕੱਟ ਰਹੇ ਵਿਅਕਤੀ ਨੂੰ ਜੰਗਲਾਤ ਵਿਭਾਗ ਨੇ ਰੋਕਿਆ

**ਨਵਾਂਸ਼ਹਿਰ /ਕਾਠਗੜ੍ਹ, ਜਤਿੰਦਰ ਪਾਲ ਸਿੰਘ ਕਲੇਰ** ) ਪਿੰਡ ਪ੍ਰੇਮ ਨਗਰ (ਆਸਰੋਂ) ਵਿਖੇ ਪਿੱਪਲ ਦਾ ਦਰੱਖਤ ਕੱਟ ਰਹੇ ਇੱਕ ਵਿਅਕਤੀ ਨੂੰ ਮੌਕੇ 'ਤੇ ਪਹੁੰਚੇ ਜੰਗਲਾਤ ਵਿਭਾਗ ਦੇ ਮੁਲਾਜ਼ਮ ਵੱਲੋਂ ਰੋਕਿਆ ਗਿਆ ਹੈ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿੰਡ ਪ੍ਰੇਮ ਨਗਰ ਨਿਵਾਸੀ ਅਵਦ ਕਿਸ਼ੋਰ ਪਿੱਪਲ ਦਾ ਦਰੱਖਤ ਕੱਟ ਰਿਹਾ ਸੀ ਜਿਸ ਨੂੰ ਲੋਕਾਂ ਨੇ ਕਾਫੀ ਰੋਕਿਆ ਪਰੰਤੂ ਉਹ ਰੁਕਿਆ ਤੇ ਫਿਰ ਮਜਬੂਰ ਹੋ ਕੇ ਲੋਕਾਂ ਨੇ ਇਸ ਦੀ ਸੂਚਨਾ ਜੰਗਲਾਤ ਵਿਭਾਗ ਦੇ ਅਫ਼ਸਰ ਨੂੰ ਦਿੱਤੀ ਜਿਸ ਤੋਂ ਬਾਅਦ ਮੌਕੇ ਤੇ ਪਹੁੰਚੇ ਵਿਭਾਗ ਦੇ ਬੇਲਦਾਰ ਨੇ ਆਕੇ ਉਕਤ ਵਿਅਕਤੀ ਨੂੰ ਪਿੱਪਲ ਕੱਟਣ ਤੋਂ ਰੋਕ ਦਿੱਤਾ। ਹੁਣ ਦੇਖਣਾ ਇਹ ਹੈ ਕਿ ਜੰਗਲਾਤ ਵਿਭਾਗ ਉਕਤ ਵਿਅਕਤੀ ਵੱਲੋਂ ਕੱਟੇ ਜਾ ਰਹੇ ਪਿੱਪਲ ਦੇ ਦਰੱਖਤ 'ਤੇ ਪੜਦਾ ਪਾਉਣ ਦੀ ਕੋਸ਼ਿਸ਼ ਕਰੇਗਾ ਜਾਂ ਫਿਰ ਬਣਦੀ ਕਾਰਵਾਈ ਕਰੇਗਾ। ਪਿੰਡ ਦੇ ਲੋਕਾਂ ਦਾ





ਕਹਿਣਾ ਕਿ ਇਹ ਦਰੱਖਤ ਪਿੰਡ ਦੀ ਸਾਂਝੀ ਜਗ੍ਹਾ 'ਤੇ ਲੱਗਾ ਹੋਇਆ ਹੈ ਤੇ ਇਸ ਦੇ ਥੱਲੇ ਸੈਂਕੜੇ ਲੋਕ ਬੈਠਦੇ ਹਨ। ਲੋਕਾਂ ਨੇ ਕਿਹਾ ਕਿ ਜਦੋਂ ਡਿਪਟੀ ਕਮਿਸ਼ਨਰ ਨਵਾਂਸ਼ਹਿਰ ਜੀ ਵਲੋਂ ਦਰੱਖਤਾਂ ਦੀ ਕਟਾਈ 'ਤੇ ਰੋਕ ਲਗਾਈ ਗਈ ਹੈ ਫਿਰ ਕਿਸ ਦੀ ਸ਼ਹਿ ਹੇਠ ਪਿੱਪਲ ਦਾ ਦਰੱਖਤ ਕੱਟਿਆ ਗਿਆ।

ਲੋਕਾਂ ਨੇ ਪ੍ਰਸ਼ਾਸਨ ਅਤੇ ਜੰਗਲਾਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਪਿੱਪਲ ਨੂੰ ਕੱਟਣ ਵਾਲੇ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਪ੍ਰਧਾਨ ਸੁਰਿੰਦਰ ਛਿੰਦਾ, ਰਾਜ ਕੁਮਾਰ ਸ਼ਰਮਾ, ਦਿਲਬਾਗ ਸਿੰਘ, ਅਸ਼ੋਕ ਕੁਮਾਰ, ਮੱਖਣ ਰਾਮ, ਦਰਸ਼ਨ ਸਿੰਘ ਆਦਿ ਹਾਜ਼ਰ ਸਨ।

# ਪਿੰਡ ਚਾਂਗ ਬਸੋਆ ਦੇ ਲੋਕਾਂ ਨੇ ਥਾਣਾ ਗੜ੍ਹਦੀਵਾਲਾ ਦੀ ਪੁਲਿਸ ਦੇ ਬਰਖਿਲਾਫ ਜਾਮ ਲਗਾ ਕੇ ਕੀਤਾ ਰੋਸ ਪ੍ਰਦਰਸ਼ਨ

## ਮਸਲਾ ਪਿੰਡ ਵਿੱਚ ਬਣੀ ਗੁਰੂ ਰਵਿਦਾਸ ਧਰਮਸ਼ਾਲਾ ਦਾ

**ਹੁਸ਼ਿਆਰਪੁਰ /ਗੜ੍ਹਦੀਵਾਲਾ(ਤਰਸੇਮ ਦੀਵਾਨਾ )** - ਜਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਦੀਵਾਲਾ ਨਜਦੀਕ ਪੈਂਦੇ ਪਿੰਡ ਚਾਂਗ ਬਸੋਆ ਦੇ ਗੁਰੂ ਰਵਿਦਾਸ ਧਰਮਸ਼ਾਲਾ ਤੇ ਪਿੰਡ ਦੇ ਕੁਝ ਲੋਕਾਂ ਵੱਲੋਂ ਕਬਜ਼ਾ ਕਰਨ ਦੇ ਵਿਰੋਧ ਵਿਚ ਅੱਜ ਟਾਂਡਾ ਰੋਡ ਗੜ੍ਹਦੀਵਾਲਾ ਵਿਖੇ ਪਿੰਡ ਵਾਸੀਆਂ ਦੇ ਹੱਕ ਵਿੱਚ ਪੰਜਾਬ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਗੂਆਂ ਤੇ ਸਮਰਥਕਾਂ ਵੱਲੋਂ ਹਲਕਾ ਪ੍ਰਧਾਨ ਡਾ. ਜਸਪਾਲ ਸਿੰਘ ਦੀ ਅਗਵਾਈ ਵਿੱਚ ਬਾਬਾ ਧਰਮਦਾਸ ਦੇ ਸਥਾਨ ਤੇ ਇਕੱਠੇ ਹੋਕੇ ਰੋਸ਼ ਮਾਰਚ ਕੱਢਕੇ ਰੋਡ ਜਾਮ ਕਰਕੇ ਧਰਨਾ ਲਗਾਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ



। ਇਸ ਮੌਕੇ ਪਹੁੰਚੇ ,ਦਲਵਿੰਦਰ ਸਿੰਘ ਬੋਦਲ, ਸਮੇਤ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਧਰਮਸ਼ਾਲਾ ਚਾਂਗ ਬਸੋਆ ਦਾ ਮਾਮਲਾ ਪਿਛਲੇ 6 ਮਹੀਨਿਆਂ ਤੋਂ ਚਲਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਦੀ ਪੰਚਾਇਤ ਤੋਂ ਪਹਿਲਾਂ ਪਿੰਡ ਦੀਆਂ ਪਹਿਲਾਂ ਵੀ ਬਹੁਤ ਸਾਰੀਆਂ ਪੰਚਾਇਤਾਂ ਆਈਆਂ ਉਹਨਾਂ ਨੇ ਨਾ ਕੋਈ ਵਿਤਕਰਾ ਕੀਤਾ ਤੇ ਨਾ ਕੋਈ ਜਾਤੀਵਾਦੀ ਮੁੱਦਾ ਬਣਾਇਆ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਧਰਮਸ਼ਾਲਾ ਦੇ ਨਾਮ ਤੇ ਪਹਿਲਾਂ ਗਰਾਂਟ ਵੀ ਆ ਚੱਕੀ ਹੈ। ਜਿਸ ਨਾਲ ਇਸ ਧਰਮਸ਼ਾਲਾ ਦੀ ਇਮਾਰਤ ਬਣਾਈ ਗਈ ਸੀ। ਜਿੱਥੇ ਪਿੰਡ ਵਾਸੀ ਗੁਰੂ ਸਹਿਬਾਨਾਂ ਦੇ ਗੁਰਪੁਰਬ ਮਨਾਉਂਦੇ ਆਏ ਹਨ । ਉਨ੍ਹਾਂ ਕਿਹਾ ਕਿ ਪਿੰਡ ਦਾ ਸਰਪੰਚ



ਰਾਜਨੀਤਿਕ ਦਖ਼ਲ ਨਾਲ ਐੱਸ.ਸੀ ਭਾਈਚਾਰੇ ਨਾਲ ਧੱਕਾ ਕਰ ਰਿਹਾ ਹੈ ਅਤੇ ਪਰਸ਼ਾਸ਼ਨ ਵੀ ਕੋਈ ਸੁਣਵਾਈ ਨਹੀਂ ਕਰ ਰਿਹਾ।ਉਨ੍ਹਾਂ ਦੱਸਿਆ ਕਿ ਇਸ ਧਰਮਸ਼ਾਲਾ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀਆਂ ਫੋਟੋਆਂ ਅਤੇ ਅੰਦਰ ਪਿਆ ਸਾਰਾ ਸਮਾਨ ਜ਼ਬਰਦਸਤੀ ਬਾਹਰ ਸੁੱਟ ਦਿੱਤਾ । ਉਨ੍ਹਾ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪ ਦੀ ਬੇਅਦਬੀ ਹੋਈ ਹੈ। ਉਨ੍ਹਾ ਦੱਸਿਆ ਕਿ ਪ੍ਰਸ਼ਾਸਨ ਸ਼ਰੇਆਮ ਵਿਰੋਧੀਆਂ ਦੀ ਮਦਦ ਕਰ ਰਿਹਾ ਸੀ, ਇਸ ਸਬੰਧੀ ਕੋਰਟ ਵੱਲੋਂ ਸਟੇ ਆਰਡਰ ਜਾਰੀ ਕਰਨ ਤੋਂ ਬਾਅਦ ਚਰਦੁਆਰੀ ਕਰਕੇ ਬਾਹਰ ਗੇਟ ਲਗਾ ਕੇ ਵਿਰੋਧੀ ਧੜ੍ਹੇ ਨੇ ਕੋਰਟ ਦੀ ਉਲੰਘਣਾ ਕੀਤੀ ਹੈ। ਜਿਸ ਕਰਕੇ ਬਹੁਜਨ ਸਮਾਜ ਪਾਰਟੀ ਨੂੰ ਮਜਬੂਰ ਹੋ ਕੇ ਇੱਥੇ ਧਰਨਾ ਲਗਾਉਣਾ ਪਿਆ।ਜਿਸਤੋਂ ਬਾਅਦ ਮੌਕੇ ਤੇ ਪਹੁੰਚੇ ਟਾਂਡਾ ਦੇ ਡੀ.ਐਸ.ਪੀ ਦਵਿੰਦਰ ਸਿੰਘ ਬਾਜਵਾ ,ਇੰਸਪੈਕਟਰ ਗੁਰਿੰਦਰ ਸਿੰਘ ਨਾਗਰਾਂ ਐਸ.ਐਚ.ਓ ਟਾਂਡਾ, ਸਬ-ਇੰਸਪੈਕਟਰ ਪਰਵਿੰਦਰ ਸਿੰਘ ਐਸ.ਐਚ.ਓ ਗੜ੍ਹਦੀਵਾਲਾ ਨੇ 10 ਦਿਨਾਂ ਦਾ ਸਮਾਂ ਲੈਕੇ ਵਾਅਦਾ ਕੀਤਾ ਕਿ ਦੂਜੀ ਧਿਰ ਨਾਲ ਗੱਲ ਕਰਕੇ ਮਸਲਾ ਨਿਪਟਾਉਣ ਦਾ ਯਤਨ ਕੀਤਾ ਜਾਵੇਗਾ।ਫੋਟੋ ਅਜਮੇਰ

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਕੀਤਾ ਸਿਜਦਾ

## ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ



**ਜਲੰਧਰ (ਸਤਨਾਮ ਸਿੰਘ ਸਹੁੰਗੜਾ)** ਇਤਿਹਾਸ ਬੋਲਦਾ ਹੈ ਕਿ 16 ਨਵੰਬਰ 1915 ਨੂੰ ਸੱਤ ਗਦਰੀ ਦੇਸ਼ ਭਗਤਾਂ ਨੂੰ ਅੰਗਰੇਜ ਹਕੂਮਤ ਨੇ ਫਾਂਸੀ ਦੇ ਤਖ਼ਤੇ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਸੀ। ਅੱਜ ਦੇਸ਼ ਭਗਤ ਯਾਦਗਾਰ ਹਾਲ ਅੰਦਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਵੱਲੋਂ ਬੁਲਾਈ ਗਈ ਸਭਿਆਚਾਰਕ ਵਿੰਗ ਇਸਦੇ ਸਹਿਯੋਗੀ ਪਰਿਵਾਰ, ਮੇਲੇ ਦੀਆਂ ਵੰਨ ਸੁਵੰਨੀਆਂ ਪ੍ਰਬੰਧਕੀ ਕਮੇਟੀਆਂ ਦੀ ਹੋਈ ਮੀਟਿੰਗ 'ਚ ਕਰਤਾਰ ਸਿੰਘ ਸਰਾਭਾ (ਸਰਾਭਾ, ਲੁਧਿਆਣਾ), ਵਿਸ਼ਨੂੰ ਗਣੇਸ਼ ਪਿੰਗਲ (ਤਾਲੇਗਾਓਂ, ਪੁਣੇ), ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ), ਹਰਨਾਮ ਸਿੰਘ (ਭੱਟੀ ਗੁਰਾਇਆ, ਸਿਆਲਕੋਟ), ਸੁਰੈਣ ਸਿੰਘ ਸਪੁੱਤਰ ਬੂਰ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਬਖਸ਼ੀਸ਼ ਸਿੰਘ (ਗਿੱਲ ਵਾਲੀ, ਅੰਮ੍ਰਿਤਸਰ) ਹੋਰਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਗੰਭੀਰ ਵਿਚਾਰਾਂ ਕਰਦਿਆਂ ਜ਼ੋਰ ਦਿੱਤਾ ਗਿਆ ਕਿ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਦਿਆਂ ਸਾਮ-ਰਾਜ ਅਤੇ ਉਸਦੇ ਭਾਰਤੀ ਸੇਵਾਦਾਰਾਂ ਖ਼ਿਲਾਫ਼ ਬੇਕਿਰਕ ਘੋਲ ਜਾਰੀ ਰੱਖਣ ਦੀ ਲੋੜ ਹੈ। ਮੀਟਿੰਗ 'ਚ ਸਾਂਝਾ ਵਿਚਾਰ ਬਣਿਆਂ ਕਿ ਅੱਜ ਦੇ ਸਮੇਂ ਸ਼ਹੀਦਾਂ ਦੇ ਵਿਚਾਰਾਂ ਨੂੰ ਲਾਗੂ ਕਰਨਾ ਹੀ ਹਕੀਕੀ ਤੌਰ ਤੇ ਸ਼ਹੀਦਾਂ ਨੂੰ ਯਾਦ ਕਰਨਾ ਹੈ, ਉਹਨਾਂ ਦੀ ਕੁਰਬਾਨੀ ਅਤੇ ਕਿਰਤੀ ਲੋਕਾਂ ਦੀ ਮੁਕਤੀ ਦੇ ਵਿਚਾਰਾਂ ਨੂੰ ਅਪਣਾਉਂਦੇ ਹੋਏ ਲੋਕ- ਪੱਖੀ ਨਿਜ਼ਾਮ ਦੀ ਸਿਰਜਣਾ ਲਈ ਮਹਾਨ ਗ਼ਦਰੀ ਵਿਰਾਸਤ ਅਤੇ ਸਾਡੀਆਂ ਸਰਗਰਮੀਆਂ ਦੀ ਸੇਧ ਨਿਰਧਾਰਤ ਕਰਨੀ ਚਾਹੀਦੀ ਹੈ। ਗ਼ਦਰੀ ਬਾਬਿਆਂ ਦੇ 34ਵੇਂ ਮੇਲੇ ਉਪਰ ਉਸਾਰੂ ਸਿਰਜਣਾਤਮਕ ਪੜਚੋਲਵੀਂ ਝਾਤ ਮਾਰਦੇ ਹੋਏ ਇਸ ਭਰਵੀਂ ਮੀਟਿੰਗ ਨੇ ਮੇਲੇ ਨੂੰ ਅੱਗੇ ਤੋਂ ਹੋਰ ਵੀ ਹਰਮਨ ਪਿਆਰਾ ਬਣਾਉਣ ਲਈ ਵਿਸ਼ਾਲ ਲੋਕਾਈ ਦਾ ਸਹਿਯੋਗ ਲੈਣ ਉਪਰ ਜੋਰ ਦਿੱਤਾ। ਇਹ ਵੀ ਨਿੱਗਰ ਸੁਝਾਅ ਆਏ ਕਿ ਮੇਲੇ ਵਿੱਚ ਆਏ ਲੋਕਾਂ ਲਈ ਘੱਟੋ ਘੱਟ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਵੱਧ ਤੋਂ ਵੱਧ ਯਤਨ ਜੁਟਾਉਣੇ ਚਾਹੀਦੇ ਹਨ। ਦੇਸ਼ ਵਿਦੇਸ਼ ਤੋਂ ਪਰਿਵਾਰਾਂ ਦੇ ਪਰਿਵਾਰ ਮੇਲੇ ਵਿਚ ਆਉਣ ਤੇ ਬੇਹੱਦ ਖੁਸ਼ੀ ਅਤੇ ਮਾਣ ਦਾ ਇਜ਼ਹਾਰ ਕਰਦਿਆਂ ਸਮੂਹ ਹਾਜ਼ਰੀਨ ਨੇ ਸਭ ਦਾ ਹਾਰਦਿਕ ਧੰਨਵਾਦ ਕੀਤਾ। ਮੇਲੇ ਵਿਚ ਸੋਵੀਨਰ ਲੋਕ ਅਰਪਣ ਕਰਨ ਮੌਕੇ ਦੇਸ਼ ਭਗਤਾਂ ਦੇ ਪਿੰਡਾਂ ਤੋਂ ਆਈਆਂ ਕਮੇਟੀਆਂ ਅਤੇ ਲੋਕਾਂ ਦਾ ਅਨੰਤ ਧੰਨਵਾਦ ਕਰਦਿਆਂ ਅੱਜ ਦੀ ਵਿਸ਼ੇਸ਼ ਇਕੱਤਰਤਾ ਨੇ ਉਮੀਦ ਜਿਤਾਈ ਕਿ ਅੱਗੇ ਤੋਂ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਜਾਏਗਾ। ਪੰਜਾਬ ਦੀਆਂ ਸਮੂਹ ਜਨਤਕ ਜਮਹੂਰੀ ਜੱਥੇਬੰਦੀਆਂ ਦਾ ਮੇਲੇ ਵਿੱਚ ਸ਼ਾਮਲ ਹੋਣ ਅਤੇ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਵੀ ਧੰਨਵਾਦ ਕੀਤਾ ਗਿਆ। ਮੇਲੇ ਦੇ ਦਿਨਾਂ ਵਿੱਚ ਹੀ ਪੰਜਾਬ ਦੀਆਂ ਯੂਨੀਵਰਸਿਟੀਆਂ ਅੰਦਰ ਯੂਥ ਫੈਸਟੀਵਲ ਹੋਣ ਦੇ ਬਾਵਜੂਦ ਜੁਆਨੀ ਦੇ ਮੇਲੇ ਵਿਚ ਵੱਡੀ ਗਿਣਤੀ ਵਿਚ ਆਉਣ ਨੂੰ ਉਤਸ਼ਾਹਜਨਕ ਵਰਤਾਰੇ ਵਜੋਂ ਨੋਟ ਕੀਤਾ ਗਿਆ। ਛੱਤੀਸਗੜ੍ਹ, ਨਵੀਂ ਦਿੱਲੀ, ਜੰਮੂ, ਹਰਿਆਣਾ ਅਤੇ ਉਤਰਾਖੰਡ ਆਦਿ ਥਾਵਾਂ ਤੋਂ ਨਾਟਕ ਅਤੇ ਗੀਤ ਸੰਗੀਤ ਮੰਡਲੀਆਂ ਦਾ ਮੇਲੇ ਵਿਚ ਆਉਣਾ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕਰਨ ਨੂੰ ਇਸ ਵਾਰ ਮੇਲੇ ਦੀ ਵਿਸ਼ੇਸ਼ ਉਪਲਬਧੀ ਵਜੋਂ ਨੋਟ ਕੀਤਾ ਗਿਆ ਅਤੇ ਉਹਨਾਂ ਸਭਨਾਂ ਨੂੰ ਧੰਨਵਾਦ ਪੱਤਰ ਭੇਜਣ ਬਾਰੇ ਵੀ ਸੁਝਾਅ ਆਏ। ਮੇਲੇ ਦੀਆਂ ਪ੍ਰਬੰਧਕੀ ਊਣਤਾਈਆਂ ਉਪਰ ਵੀ ਬੇਕਿਰਕੀ ਨਾਲ ਚਰਚਾ ਹੋਈ ਅਤੇ ਅੱਗੇ ਤੋਂ ਪ੍ਰਾਪਤੀਆਂ ਨੂੰ ਪੱਲੇ ਬੰਨ੍ਹਣ ਅਤੇ ਊਣਤਾਈਆਂ ਤੋਂ ਸਬਕ ਲੈਣ ਬਾਰੇ ਵਿਚਾਰਾਂ ਹੋਈਆਂ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਲੋਕਾਂ ਵਿਚ ਆਪਣੇ ਸ਼ਾਨਾਮੱਤੇ ਇਤਿਹਾਸ ਅਤੇ ਵਿਰਸੇ ਦੀ ਜੋਤ ਜਗਦੀ ਰੱਖ ਰਿਹਾ ਮੇਲਾ ਹਰ ਸਾਲ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ।ਮੀਟਿੰਗ ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਿਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਵੱਖ-ਵੱਖ ਕਮੇਟੀਆਂ ਦੇ ਕਨਵੀਨਰ ਅਤੇ ਕਮੇਟੀ ਮੈਂਬਰ ਤੋਂ ਇਲਾਵਾ ਵੱਡੀ ਗਿਣਤੀ ਚ ਸੱਭਿਆਚਾਰਕ ਵਿੰਗ ਨਾਲ ਜੁੜੇ ਕਾਮੇ ਹਾਜ਼ਰ ਸਨ।

# ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਕਰਵਾਇਆ ਗਿਆ 'ਏਕਮ'ਜ਼ ਐਵਾਰਡ ਸ਼ੋਅ'

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਐਵਾਰਡ ਸ਼ੋਅ' ਕਰਵਾਇਆ ਗਿਆ ਜਿਸ ਵਿੱਚ ਸੈਸ਼ਨ 2024-25 ਦੇ ਨਰਸਰੀ ,ਐੱਲ ਕੇ ਜੀ ਅਤੇ ਪਹਿਲੀ ਤੋਂ ਗਿਆਰਵੀਂ ਤੱਕ ਦੇ ਆਊਟਸਟੈਂਡਿੰਗ ਪੁਜੀਸ਼ਨ ਹੋਲਡਰ ਵਿਦਿਆਰਥੀਆਂ ਨੂੰ ਐਵਾਰਡ ਦੇ ਕੇ ਹੌਂਸਲਾ ਅਫ਼ਜ਼ਾਈ ਕੀਤੀ ਗਈ। ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੇ ਤੌਰ ਤੇ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਇਸ ਮੌਕੇ ਸਰਦਾਰ ਬਲਦੇਵ ਕਲਿਆਣ ਵਾਈਸ ਪ੍ਰੈਜੀਡੈਂਟ ਸ਼੍ਰੋਮਣੀ ਅਕਾਲੀ ਦਲ ਪ੍ਰਬੰਧਕ ਕਮੇਟੀ ਅਤੇ ਸਰਦਾਰ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਸ਼ਾਹਕੋਟ( ਸ਼੍ਰੋਮਣੀ ਅਕਾਲੀ ਦਲ) ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸਾਂਝੇ ਤੌਰ ਤੇ ਸ਼ਮਾ ਰੌਸ਼ਨ ਕਰਨ ਉਪਰੰਤ ਕੀਤੀ ਗਈ। ਇਸਦੇ ਤੁਰੰਤ ਬਾਅਦ ਸਕੂਲ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਵਲੋਂ ਡਾਂਸ ਆਈਟਮ ਪੇਸ਼ ਕੀਤੀਆਂ ਗਈਆਂ ਜਿੰਨਾ ਦਾ ਸਭ ਨੇ ਭਰਪੂਰ ਅਨੰਦ ਮਾਣਿਆ।ਇਸ ਮੌਕੇ ਸਕੂਲ ਪਰੈਜੀਡੈਂਟ ਸਰਦਾਰ ਦਲਜੀਤ ਸਿੰਘ, ਸਰਦਾਰ ਸੁਰਿੰਦਰ ਸਿੰਘ ਥਿੰਦ,ਕੁੰਵਰ ਅਰਮਾਨ ਸਿੰਘ ਥਿੰਦ,ਡਾਕਟਰ ਸੁਖਪ੍ਰੀਤ ਸਿੰਘ ਆਹਲੂਵਾਲੀਆ, ਮਹਿੰਦਰ ਪਾਲ ਸਿੰਘ ਟੁਰਨਾ, ਨਰਿੰਦਰ ਅਰੋੜਾ,ਰਾਜਵਿੰਦਰ ਸ਼ਰਮਾ ਐੱਮ ਸੀ, ਮਨੋਜ ਚੋਪੜਾ, ਅਸ਼ੋਕ ਚੌਹਾਨ, ਹਰਪ੍ਰੀਤ ਸਿੰਘ ਮੱਟੂ,ਸੇਵਾ ਸਿੰਘ ਥਿੰਦ, ਅਮਰਜੀਤ ਸਿੰਘ ਅੰਬਾ, ਸੁਰਿੰਦਰ ਸਿੰਘ ਛਾਬੜਾ ਵਿਸ਼ੇਸ਼ ਤੌਰ ਤੇ ਸ਼ਾਮਿਲ




ਹੋਏ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਇਨਾਮ ਵੰਡ ਸਮਾਰੋਹ ਵਿੱਚ 330 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਪ੍ਰਕਾਰ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਆਪਣੀ ਗੱਲਬਾਤ ਦੌਰਾਨ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਨੇ ਇਹ ਵੀ ਦੱਸਿਆ ਕਿ ਆਉਣ ਵਾਲੀ 30 ਦਸੰਬਰ ਨੂੰ ਸਕੂਲ ਆਪਣਾ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਉਣ ਜਾ ਰਿਹਾ ਹੈ। ਸਟੇਜ ਸੰਚਾਲਨ ਮੈਡਮ ਸਵਪਨਦੀਪ ਕੌਰ ਅਤੇ ਸਰਦਾਰ ਰਣਜੋਤ ਸਿੰਘ ਵਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ ਗਿਆ। ਅਖੀਰ ਵਿੱਚ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਵਲੋਂ ਸਾਰੇ ਸਟਾਫ਼ ਦਾ ਵਧੀਆ ਕਾਰਗੁਜ਼ਾਰੀ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ ,ਸਮੀਕਸ਼ਾ ਸ਼ਰਮਾ,ਬਲਾਕ ਹੈੱਡ ਦਵਿੰਦਰ ਨਾਹਰ, ਨੇਹਾ ਭੱਲਾ,ਰਾਜਵਿੰਦਰ ਕੌਰ ਅਤੇ ਸਮੂਹ ਸਟਾਫ਼ ਮੈਂਬਰਾਨ ਹਾਜ਼ਰ ਸਨ।

# "ਓਵਰ ਕਾਨਫੀਡੈਂਸ ਦਾ ਸਬਕ" (ਇਕ ਸਫ਼ਰ ਦੀ ਸੱਚੀ ਘਟਨਾ ਜੋ ਜ਼ਿੰਦਗੀ ਦੀ ਵੱਡੀ ਸਿੱਖਿਆ ਬਣ ਗਈ)

ਅੱਜ ਡਿਊਟੀ ਤੇ ਜਾਣ ਦੇ ਸਫ਼ਰ ਦੌਰਾਨ ਮੇਰੇ ਨਾਲ ਇੱਕ ਐਸੀ ਘਟਨਾ ਵਾਪਰੀ, ਜਿਸ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਅਸੀਂ ਹਰ ਰੋਜ਼ ਇੱਕ ਹੀ ਬੱਸ ਵਿੱਚ ਡਿਊਟੀ ਤੇ ਜਾਂਦੇ ਹਾਂ, ਪਰ ਅੱਜ ਪੰਜ ਮਿੰਟ ਲੇਟ ਹੋ ਜਾਣ ਕਾਰਨ ਉਹ ਬੱਸ ਛੁੱਟ ਗਈ। ਫਿਰ ਅਸੀਂ ਇਕ ਹੋਰ ਬੱਸ ਵਿੱਚ ਬੈਠ ਗਏ, ਜਿਸ ਵਿੱਚ ਪਹਿਲਾਂ ਕਦੇ ਨਹੀਂ ਗਏ ਸੀ। ਉਸ ਬੱਸ ਦਾ ਡਰਾਈਵਰ ਇੱਕ ਨੌਜਵਾਨ ਲੜਕਾ ਸੀ। ਉਹ ਬੜਾ ਦੋਸਤਾਨਾ ਸੁਭਾਅ ਵਾਲਾ ਲੱਗਿਆਂ ਪਰ ਉਸ ਦੀਆਂ ਗੱਲਾਂ ਵਿੱਚ ਡਰਾਈਵਿੰਗ ਦੀ ਕਲਾ ਦਾ ਥੋੜਾ ਹੰਕਾਰ ਵੀ ਝਲਕ ਰਿਹਾ ਸੀ। ਉਹ ਕਹਿ ਰਿਹਾ ਸੀ ਕਿ ਉਸਨੇ ਕਈ ਵੱਡੇ ਸ਼ਹਿਰਾਂ ਵਿੱਚ ਬੱਸ ਚਲਾਈ ਹੈ ਅਤੇ ਹੁਣ ਇਹ ਨਵੀਂ ਬੱਸ ਚਲਾਉਣੀ ਸ਼ੁਰੂ ਕੀਤੀ ਹੈ।ਬੱਸ ਕਾਫ਼ੀ ਤੇਜ਼ ਚੱਲ ਰਹੀ ਸੀ। ਅਸੀਂ ਤਿੰਨ ਜਣੇ ਡਰਾਈਵਰ ਦੇ ਨੇੜੇ ਸੀਟ ਤੇ ਬੈਠੇ ਸੀ। ਉਸਦੇ ਚਿਹਰੇ ਤੋਂ ਲੱਗਦਾ ਸੀ ਕਿ ਉਸਨੂੰ ਬਹੁਤ ਜਲਦੀ ਹੈ — ਸ਼ਾਇਦ ਕਿਸੇ ਨੇ ਫ਼ੋਨ ਤੇ ਕਿਹਾ ਸੀ ਕਿ ਅਗਲੇ ਸਟਾਪ ਤੇ ਸਵਾਰੀਆਂ ਉਡੀਕ ਰਹੀਆਂ ਹਨ। ਉਹ ਚਾਹੁੰਦਾ ਸੀ ਕਿ ਉਹ ਸਵਾਰੀਆਂ ਉਸਦੀ ਬੱਸ ਵਿੱਚ ਹੀ ਬੈਠਣ।



ਰਸਤੇ ਵਿੱਚ ਅੱਗੇ ਇੱਕ ਟਰੱਕ ਅਤੇ ਸਾਈਡ ਤੇ ਇੱਕ ਬਾਈਕ ਤੇ ਤਿੰਨ ਮੁੰਡੇ ਜਾ ਰਹੇ ਸਨ। ਡਰਾਈਵਰ ਨੇ ਹਾਰਨ ਵਜਾਇਆ ਪਰ ਟਰੱਕ ਵਾਲੇ ਨੇ ਸਾਈਡ ਨਹੀਂ ਦਿੱਤੀ। ਫਿਰ ਡਰਾਈਵਰ ਨੇ ਜੋਖਮ ਲੈ ਕੇ ਬਾਈਕ ਵਾਲੀ ਸਾਈਡ ਤੋਂ ਬੱਸ ਬਿਲਕੁਲ ਨਜਦੀਕ ਤੋਂ ਕੱਢ ਲਈ। ਮੈਨੂੰ ਲੱਗਾ ਕਿ ਬੱਸ ਬਾਈਕ ਨਾਲ ਟਕਰਾ ਜਾਵੇਗੀ। ਸਿਰਫ਼ ਦੋ ਇੰਚ ਦਾ ਫਰਕ ਹੋਵੇਗਾ। ਮੇਰਾ ਦਿਲ ਡਰ ਨਾਲ ਧੜਕਣ ਲੱਗ ਪਿਆ, ਪਰ ਵਾਹਿਗੁਰੂ ਦੀ ਮੇਹਰ ਨਾਲ ਬੱਸ ਬਾਈਕ ਨਾਲ ਨਹੀਂ ਟਕਰਾਈ। ਡਰਾਈਵਰ ਨੇ ਫਿਰ ਸ਼ੇਖੀ ਮਾਰੀ ਕਿ ਮੈਨੂੰ ਡਰਾਈਵਿੰਗ ਦਾ ਬਹੁਤ ਤਜਰਬਾ ਹੈ।

ਪਰ ਬੱਸ ਅਗਲੇ ਸਟਾਪੇਜ ਤੇ ਪਹੁੰਚਦਿਆਂ ਹੀ ਉਹੀ ਬਾਈਕ ਵਾਲੇ ਮੁੰਡੇ ਬੱਸ ਦੇ ਅੱਗੇ ਆ ਖੜੇ ਹੋਏ। ਉਹ ਗੁੱਸੇ ਵਿੱਚ ਸਨ ਅਤੇ ਡਰਾਈਵਰ ਨੂੰ ਗਾਲਾਂ ਕੱਢਣ ਲੱਗ ਪਏ। ਕੁਝ ਬਹਿਸ ਹੋਈ, ਪਰ ਆਖ਼ਰਕਾਰ ਡਰਾਈਵਰ ਨੇ ਆਪਣੀ ਗਲਤੀ ਮੰਨ ਲਈ ਤੇ ਮਾਫ਼ੀ ਮੰਗ ਲਈ। ਉਸ ਵੇਲੇ ਉਸਦੇ ਚਿਹਰੇ 'ਤੇ ਸ਼ਰਮ ਅਤੇ ਪਛਤਾਵਾ ਸਾਫ਼ ਦਿਖਾਈ ਦੇ ਰਿਹਾ ਸੀ।

ਉਹ ਘਟਨਾ ਦੇਖ ਕੇ ਮੈਨੂੰ ਇੱਕ ਗੱਲ ਬਹੁਤ ਚੰਗੀ ਤਰ੍ਹਾਂ ਸਮਝ ਆ ਗਈ — ਕਈ ਵਾਰ ਅਸੀਂ ਆਪਣੇ ਆਪ 'ਤੇ ਇੰਨਾ ਵਿਸ਼ਵਾਸ ਕਰ ਲੈਂਦੇ ਹਾਂ ਕਿ ਉਹ ਓਵਰ ਕਾਨਫੀਡੈਂਸ ਬਣ ਜਾਂਦਾ ਹੈ। ਜਦੋਂ ਤੱਕ ਸਾਨੂੰ ਕੋਈ ਝਟਕਾ ਨਹੀਂ ਲੱਗਦਾ, ਅਸੀਂ ਆਪਣੀ ਗਲਤੀ ਨਹੀਂ ਮੰਨਦੇ। ਪਰ ਜਦੋਂ ਰੱਬ ਸਾਨੂੰ ਸਮੇਂ 'ਤੇ ਸਬਕ ਸਿਖਾ ਦਿੰਦਾ ਹੈ, ਤਾਂ ਉਹ ਸਾਡੀ ਕਿਸਮਤ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਅੱਜ ਉਹ ਡਰਾਈਵਰ ਸਮਝ ਗਿਆ ਹੋਵੇਗਾ ਕਿ ਸੜਕ 'ਤੇ ਜਲਦੀ ਤੇ ਹੰਕਾਰ ਦੋਵੇਂ ਖ਼ਤਰਨਾਕ ਹੁੰਦੇ ਹਨ।

("ਖ਼ੁਸ਼ਕਿਸਮਤ ਹੁੰਦੇ ਹਨ ਉਹ ਜਿਨ੍ਹਾਂ ਨੂੰ ਸਮੇਂ ਤੇ ਕੋਈ ਜਗਾਉਣ ਵਾਲਾ ਮਿਲਦਾ ਹੈ")

ਇਹ ਘਟਨਾ ਸਾਡੇ ਰੋਜ਼ਾਨਾ ਜੀਵਨ ਵਿੱਚ ਇੱਕ ਮਹੱਤਵਪੂਰਨ ਸਬਕ ਛੱਡ ਜਾਂਦੀ ਹੈ। ਆਪਣੀ ਕੁਸ਼ਲਤਾ (ਸਕਿੱਲ਼) ਤੇ ਵਿਸ਼ਵਾਸ ਜ਼ਰੂਰੀ ਹੈ, ਪਰ ਜਦੋਂ ਉਹ ਹੱਦ ਤੋਂ ਵੱਧ ਹੋ ਜਾਵੇ, ਤਾਂ ਉਹ ਹੰਕਾਰ ਬਣ ਜਾਂਦਾ ਹੈ। ਸਮੇਂ 'ਤੇ ਮਿਲਿਆ ਸਬਕ ਸਾਨੂੰ ਵੱਡੇ ਨੁਕਸਾਨ ਤੋਂ ਬਚਾ ਸਕਦਾ ਹੈ, ਇਹੀ ਜੀਵਨ ਦੀ ਸੱਚੀ ਸਿੱਖਿਆ ਹੈ।



ਪਵਨ ਕੁਮਾਰ ਅੱਤਰੀ
ਅਧਿਆਪਕ
(ਕਪੂਰਥਲਾ)
8427791277

# ਬੀਤੇ ਸਮੇਂ ਦੀਆਂ ਯਾਦਾਂ

ਪਹਿਲੇ ਸਮੇਂ ਪਿੰਡਾਂ ਵਿੱਚ ਲੋਕਾਂ ਦੇ ਘਰ ਮਿੱਟੀ ਦੇ ਬਣੇ ਹੋਏ ਕੱਚੇ ਹੁੰਦੇ ਸਨ ਜਿੰਨਾਂ ਦੀ ਬਹੁਤੀਂ ਮੁਨਿਆਦ ਨਹੀਂ ਹੁੰਦੀ ਸੀ। ਬਰਸਾਤਾਂ ਦੇ ਦਿਨਾਂ ਵਿੱਚ ਫਿਕਰ ਲੱਗਾ ਰਹਿੰਦਾ ਸੀ ਕਿ ਕਿਤੇ ਸਾਡਾ ਕੋਠਾ ਮੀਂਹ ਨਾਲ ਢਹਿ ਨਾ ਜਾਏ। ਕਿਤੇ ਛੱਤ ਨਾ ਚੋਣ ਲੱਗ ਪਵੇ। ਕਿਤੇ ਕੰਧਾਂ ਨਾਲੋਂ ਲੈਅ ਨਾ ਲੱਥ ਜਾਵਣ। ਹਰ ਵਕਤ ਇਹੀ ਫਿਕਰ ਸਤਾਉਂਦਾ ਰਹਿੰਦਾ ਸੀ ਪਰ ਉਸ ਵਕਤ ਰਿਸ਼ਤੇ ਬੜੇ ਮਜ਼ਬੂਤ ਹੁੰਦੇ ਸਨ। ਰਿਸ਼ਤਿਆਂ ਵਿੱਚੋਂ ਪਿਆਰ-ਮੁਹੱਬਤ ਡੁੱਲ-ਡੁੱਲ ਪੈਂਦਾ ਸੀ। ਸਾਰਾ ਪਿੰਡ ਹੀ ਨਹੀਂ ਸਗੋਂ ਆਸੇ-ਪਾਸੇ ਦੇ ਲੋਕ ਮਿਲ-ਜੁਲਕੇ ਰਹਿੰਦੇ ਸਨ। ਲੋੜ ਵੇਲੇ ਇੱਕ-ਦੂਜੇ ਦੀ ਮੱਦਦ ਕਰਨ ਨੂੰ ਹੀ ਆਪਣਾ ਧਰਮ ਸਮਝਿਆ ਜਾਂਦਾ ਸੀ। ਦਿਲਾਂ ਵਿੱਚ ਰਤਾ ਵੀ ਮੈਲ ਨਹੀਂ ਰੱਖਦੇ ਸਨ। ਇੱਕੀ-ਦੁੱਕੀ ਨੂੰ ਛੱਡਕੇ ਸਾਰਾ ਭਾਈਚਾਰਾ ਇੱਕ-ਦੂਜੇ ਦਾ ਹਮਦਰਦੀ ਸੀ। ਇਸੇ ਲਈ ਤਾਂ ਆਖਦੇ ਆ ਪਿੰਡਾਂ ਵਿੱਚ ਰੱਬ ਵੱਸਦਾ ਤੇ ਸ਼ਹਿਰਾਂ ਵਿੱਚ ਨੱਚਦੀ ਬਹਾਰ। ਭਾਵ ਕਿ ਪਿੰਡਾਂ ਦੇ ਸਿੱਧੇ ਸਾਦੇ ਤੇ ਮਨ ਦੇ ਸਾਫ਼ ਲੋਕਾਂ ਨੂੰ ਰੱਬ ਦਾ ਰੂਪ ਦੱਸਿਆ ਗਿਆ।

ਉਹਨਾਂ ਵੇਲਿਆਂ ਵਿੱਚ ਸ਼ਹਿਰੀ ਅਬਾਦੀ ਘੱਟ ਹੁੰਦੀ ਸੀ ਤੇ ਰੌਣਕ ਵੀ ਬਹੁਤ ਘੱਟ ਸੀ। ਬਜ਼ਾਰਾਂ ਵਿੱਚ ਹੁਣ ਵਾਂਗੂੰ ਭੀੜ ਨਹੀਂ ਹੁੰਦੀ ਸੀ ਸਗੋਂ ਪਿੰਡਾਂ ਦੇ ਲੋਕ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਹੀ ਸ਼ਹਿਰ ਜਾਇਆ ਕਰਦੇ ਸਨ। ਹੁਣ ਦੀ ਤਰ੍ਹਾਂ ਨਹੀਂ ਕਿ ਵਿਹਲੇ ਘੁੰਮਣ ਲਈ ਸ਼ਹਿਰ ਚਲੇ ਜਾਣਾ। ਲੋਕੀਂ ਆਪਣੀਆਂ ਬਹੁਤੀਂ ਜ਼ਰੂਰਤਾਂ ਆਪਣੇ ਸਾਧਨਾ ਵਿੱਚੋਂ ਹੀ ਪੂਰੀਆਂ ਕਰਿਆ ਕਰਦੇ ਸਨ, ਕਿਉਂਕਿ ਹਰੇਕ ਲੋੜੀਂਦੀ ਚੀਜ਼ ਖੇਤਾਂ ਵਿੱਚੋਂ ਹੀ ਤਿਆਰ ਹੁੰਦੀ ਹੈ। ਲੋਕ ਆਪਣੀ ਲੋੜ ਅਨੁਸਾਰ ਹਰੇਕ ਫ਼ਸਲ ਦੀ ਬਿਜਾਈ ਕਰਦੇ ਸਨ। ਦਾਲ, ਛੋਲੇ, ਮਾਂਹ, ਕਪਾਹ, ਸਰੋਂ, ਗੰਨਾ, ਸਬਜ਼ੀਆਂ ਆਦਿ ਸਭ ਕੁੱਝ ਆਪਣੇ ਖੇਤਾਂ ਵਿੱਚ ਹੀ ਉੱਗਾਇਆ ਜਾਂਦਾ ਸੀ। ਮੁੱਕਦੀ ਗੱਲ ਕਿ ਹਰੇਕ ਵਸਤੂ ਦੀ ਉੱਪਜ ਆਪ ਪੈਦਾ ਕਰਦੇ ਸਨ। ਇਹ ਸਭ ਕੁੱਝ ਕਰਨ ਲਈ ਹੱਡ ਤੋੜਵੀਂ ਮਿਹਨਤ ਕਰਨੀ ਪੈਂਦੀ ਸੀ। ਖੁਰਾਕਾਂ ਵਿੱਚ ਭੋਰਾ ਵੀ ਮਲਾਵਟ ਨਹੀਂ ਹੁੰਦੀ ਸੀ। ਅੱਜ ਦੇ ਸਮੇਂ ਵਾਂਗੂੰ ਨਹੀਂ ਕਿ ਹਰੇਕ ਚੀਜ਼ ਵਿੱਚ ਮਲਾਵਟ ਕੀਤੀ ਜਾਂਦੀ ਹੈ। ਬਜ਼ਾਰਾਂ ਵਿੱਚ ਸਭ ਕੁੱਝ ਨਕਲੀ ਵਿੱਕ ਰਿਹਾ ਪਰ ਫਿਰ ਵੀ ਖਰੀਦਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਆਂ। ਅੱਜ ਦੇ ਸਮੇਂ ਪੰਜਾਬ ਵਿੱਚ ਜਿੰਨਾਂ ਦੁੱਧ ਪੈਦਾ ਹੁੰਦਾ ਹੈ ਉਸ ਤੋਂ ਚਾਰ ਗੁਣਾਂ ਜਿਆਦਾ ਹਰ ਰੋਜ਼ ਉਸਦੀ ਖੱਪਤ ਹੁੰਦੀ ਹੈ ਪਰ ਵਰਤਣ ਵਾਲੇ ਇਹ ਨਹੀਂ ਸੋਚਦੇ ਕਿ ਇਹ ਦੁੱਧ, ਪਨੀਰ, ਖੋਇਆ, ਘਿਉ ਜਾਂ ਦੁੱਧ ਤੋਂ ਬਣੀਆਂ ਹੋਰ ਚੀਜ਼ਾਂ ਲਈ ਦੁੱਧ ਕਿੱਥੋਂ ਆ ਰਿਹਾ? ਹੁਣ ਪਿੰਡਾਂ ਵਿੱਚ ਖੁਰਲੀਆਂ ਉੱਪਰ ਬੱਝੀਆਂ ਮੱਝਾਂ-ਗਾਵਾਂ ਨਹੀਂ ਦਿੱਸਦੀਆਂ ਪਰ ਸ਼ਹਿਰਾਂ ਵਿੱਚ ਦੁੱਧ ਦੇ ਭਰੇ ਡਰੰਮ ਕਿੱਥੋਂ ਆ ਰਹੇ ਤੇ ਕੌਣ ਭੇਜ ਰਿਹਾ?

ਚੰਗੀਆਂ ਖੁਰਾਕਾਂ ਖਾਂ-ਪੀ ਕੇ ਲੋਕ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦੇ ਰਤਾ ਵੀ ਥਕਾਵਟ ਮਹਿਸੂਸ ਨਾ ਕਰਦੇ। ਘਰ ਦੀਆਂ ਤ੍ਰੀਮਤਾਂ ਵੀ ਆਪਣੇ ਕੰਮਕਾਰ ਨਿਬੇੜਕੇ ਡੰਗਰਾਂ ਵਾਸਤੇ ਪੱਠਾ ਟੂੱਕ ਲੈਣ ਆਪ ਲਈ ਪੈਲ਼ੀਆਂ ਵੱਲ ਚਲੇ ਜਾਇਆ ਕਰਦੀਆਂ ਸਨ। ਉਸ ਵਕਤ ਅਣਪੜ੍ਹਤਾ ਤਾਂ ਜ਼ਰੂਰ ਸੀ ਪਰ ਲੋਕਾਂ ਦੇ ਦਿਲਾਂ ਵਿੱਚ ਹੇਰਾ-ਫੇਰੀ ਵਾਲਾ ਕੀੜਾ ਅਜੇ ਤੱਕ ਧੱਸਿਆ ਨਹੀਂ ਸੀ। ਉਦੋਂ ਵੀ ਲੋਕ ਵਹਿਮਾ-ਭਰਮਾ ਵਿੱਚ ਫਸੇ ਹੋਏ ਸਨ ਪਰ ਅੱਜ ਦੇ ਲੋਕ ਉਸ ਵੀ ਕਿਤੇ ਜ਼ਿਆਦਾ ਪਾਖੰਡਵਾਦ ਸ਼ਿਕਾਰ ਹੋਈ ਬੈਠੇ ਆਂ। ਹਰੇਕ ਮਨੁੱਖ ਹੀ ਆਪਣਾ ਰੱਬ ਵੱਖਰਾ ਬਣਾਈ ਬੈਠਾ ਹੈ। ਘਰ ਵਿੱਚ ਮਾਂ-ਬਾਪ ਨੂੰ ਪਾਣੀ ਨਹੀਂ ਪੁੱਛਦੇ ਪਰ ਬਾਹਰ ਸੇਵਾ ਕਰਨ ਲਈ ਛਬੀਲਾਂ ਲਾਈਆਂ ਜਾਂਦੀਆਂ ਹਨ। ਘਰ ਬੁੱਢੇ ਮਾਪੇ ਰੋਟੀ ਨੂੰ ਤਰਸਦੇ ਰਹਿੰਦੇ ਅਤੇ ਉਹਨਾਂ ਦੀ ਔਲਾਦ ਹੋਟਲਾਂ ਵਿੱਚ ਪਾਰਟੀਆਂ ਕਰਦਿਆਂ ਨਹੀਂ ਥੱਕਦੀ। ਹੁਣ ਦੇ ਜ਼ਮਾਨੇ ਵਿੱਚ ਸੱਚ ਬੋਲਣਾ ਭਾਵ ਕਿ ਅੱਧੀ ਲੜਾਈ ਮੁੱਲ ਲੈਣ ਦੇ ਬਰਾਬਰ ਹੈ। ਹੁਣ ਤਾਂ ਚਾਰੇ ਪਾਸੇ ਕੂੜ ਦਾ ਪ੍ਰਚਾਰ ਹੋ ਰਿਹਾ। ਝੂਠ ਪ੍ਰਧਾਨ ਬਣਿਆ ਬੈਠਾ। ਸੱਚੇ ਮਨੁੱਖ ਦੀ ਭੋਰਾ ਕਦਰ ਨਹੀਂ ਰਹਿ ਗਈ। ਹੁਣ ਸੱਚ ਤਾਂ ਗਲ਼ੀਆਂ ਵਿੱਚ ਰੁੱਲਣ ਲਈ ਰਹਿ ਗਿਆ ਅਤੇ ਝੂਠੇ ਬੰਦੇ ਤਾਜ਼ੋ ਤਖ਼ਤ ਸਾਂਭੀ ਬੈਠੇ ਆਂ।

ਬੀਤੇ ਸਮਿਆਂ ਦੇ ਰੀਤ-ਰਿਵਾਜ਼ ਅੱਜ ਨਾਲੋਂ ਵੱਖਰੇ ਸਨ। ਖਾਣ-ਪੀਣ ਤੇ ਪਹਿਨਣ ਦੇ ਤੌਰ ਤਰੀਕੇ ਅਲੱਗ ਸਨ। ਬਹੁਤੇ ਲੋਕ ਆਪਣੀ ਮਿਹਨਤ ਕਰਕੇ ਖਾਣ ਵਿੱਚ ਯਕੀਨ ਰੱਖਦੇ ਸੀ। ਪਰਾਇਆ ਹੱਕ ਖਾਣਾ ਉਹਨਾਂ ਲਈ ਹਰਾਮ ਦਾ ਖਾਣ ਦੇ ਬਰਾਬਰ ਹੁੰਦਾ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਸੀ ਕਿ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥" ਲੋਕ ਅਣਪੜ੍ਹ ਜ਼ਰੂਰ ਸਨ ਪਰ ਉਹ ਬਾਬਾ ਜੀ ਦੀਆਂ ਕਹੀਆਂ ਗੱਲਾਂ ਨੂੰ ਮੰਨਦੇ ਸਨ ਪਰ ਅੱਜ ਉਸ ਦੇ ਸਭ ਕੁੱਝ ਉੱਲਟ ਹੈ ਕਿਉਂਕਿ ਅਸੀਂ ਬਾਬਾ ਜੀ ਨੂੰ ਮੰਨਦੇ ਆਂ ਪਰ ਉਹਨਾਂ ਦੇ ਦਿੱਤੇ ਉਪਦੇਸ਼ ਨੂੰ ਨਹੀਂ ਮੰਨਦੇ।



ਲੇਖਕ ਬਿੰਦਰ ਕੋਲੀਆਂ ਵਾਲ , ਇਟਲੀ

# ਭਾਰਤ ਦੀ ਮਹਾਨ ਧੀ : ਸ੍ਰੀ ਮਤੀ ਦ੍ਰੌਪਦੀ ਮੁਰਮੂ ਜੀ ਦੀ ਪ੍ਰੇਰਨਾਦਾਇਕ ਜੀਵਨ ਗਾਥਾ

ਭਾਰਤ ਦੇ ਇਤਿਹਾਸ ਵਿੱਚ ਕਈ ਅਜਿਹੇ ਨਾਮ ਉੱਕਰੇ ਗਏ ਹਨ ਜਿਨ੍ਹਾਂ ਨੇ ਅਸੰਭਵ ਨੂੰ ਸੰਭਵ ਕਰ ਦਿਖਾਇਆ। ਬੈਦਕੁਲੀ ਪਿੰਡ ਦੀ ਇੱਕ ਸਧਾਰਨ ਆਦਿਵਾਸੀ ਬਾਲੜੀ ਦਾ ਕੱਖਾਂ ਦੀ ਕੁੱਲੀ ਤੋਂ ਲੈ ਕੇ ਭਾਰਤ ਦੇ ਸਰਬਉੱਚ ਅਹੁਦੇ ਰਾਸ਼ਟਰਪਤੀ ਭਵਨ ਤੱਕ ਦਾ ਸਫ਼ਰ ਕਿਸੇ ਚਮਤਕਾਰ ਤੋਂ ਘੱਟ ਨਹੀਂ। ਇਹ ਕਹਾਣੀ ਹੈ ਸ਼੍ਰੀਮਤੀ ਦ੍ਰੌਪਦੀ ਮੁਰਮੂ ਜੀ ਦੀ ਇੱਕ ਅਜਿਹੀ ਔਰਤ ਦੀ ਜਿਸ ਨੇ ਦੁੱਖਾਂ ਦੇ ਸਮੁੰਦਰ ਵਿੱਚੋਂ ਲੰਘਦਿਆਂ ਵੀ ਆਪਣੀ ਮਨੁੱਖੀ ਗਰਿਮਾ, ਸਾਦਗੀ ਤੇ ਸੇਵਾ-ਭਾਵ ਨੂੰ ਕਦੇ ਨਹੀਂ ਛੱਡਿਆ।

ਆਜ਼ਾਦ ਭਾਰਤ ਵਿਚ ਜਨਮੀ 15ਵੀਂ ਰਾਸ਼ਟਰਪਤੀ ਵਜੋਂ 25 ਜੁਲਾਈ 2022 ਨੂੰ ਸਹੁੰ ਚੁੱਕਣ ਵਾਲੀ ਸ੍ਰੀਮਤੀ ਦ੍ਰੌਪਦੀ ਮੁਰਮੂ ਜੀ ਦਾ ਜਨਮ 20 ਜੂਨ 1958 ਨੂੰ ਓਡੀਸ਼ਾ ਦੇ ਮਯੂਰਭੰਜ ਜ਼ਿਲ੍ਹੇ ਦੇ ਬੈਦਕੁਲੀ ਪਿੰਡ ਵਿੱਚ ਇੱਕ ਸੰਤਾਲ ਆਦਿਵਾਸੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਬਿਰਾਂਚੀ ਨਾਰਾਇਣ ਟੂਡੂ ਤੇ ਦਾਦਾ ਪਿੰਡ ਦੇ ਸਰਪੰਚ ਰਹਿ ਚੁੱਕੇ ਸਨ, ਪਰ ਘਰ ਦੀ ਆਰਥਿਕ ਹਾਲਤ ਬਹੁਤ ਨਾਜ਼ੁਕ ਸੀ। ਘਰ ਦੀ ਚੋਂਦੀ ਛੱਤ, ਮਿੱਟੀ ਦੀਆਂ ਕੰਧਾਂ ਤੇ ਖਾਣ ਲਈ ਦੋ ਵੇਲੇ ਦੀ ਰੋਟੀ ਵੀ ਮੁਸ਼ਕਲ ਨਾਲ ਮਿਲਦੀ। ਉਹਨਾਂ ਨੂੰ ਪਿੰਡ ਤੋਂ ਘਰੇਲੂ ਕੰਮਾਂ ਵਿੱਚ ਮਾਂ-ਬਾਪ ਦਾ ਹੱਥ ਵਟਾਉਣਾ, ਖੇਤਾਂ ਵਿੱਚ ਕੰਮ ਕਰਨਾ ਤੇ ਫਿਰ ਵੀ ਪੜ੍ਹਾਈ ਵਿੱਚ ਅੱਵਲ ਰਹਿਣਾ - ਇਹ ਸੀ ਉਨ੍ਹਾਂ ਦੇ ਬਚਪਨ ਦਾ ਰੂਟੀਨ।

ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਮਯੂਰਭੰਜ ਦੀਆਂ ਹਰਿਆਲੀਆਂ ਪਹਾੜੀਆਂ ’ਤੇ ਪੈਂਦੀਆਂ ਸਨ, ਤਦ ਬੈਦਕੁਲੀ ਪਿੰਡ ਦੀ ਇੱਕ ਨਿੱਕੀ ਜਿਹੀ ਝੁੱਗੀ ਵਿੱਚੋਂ ਇੱਕ ਬਾਲੜੀ ਆਪਣੇ ਛੋਟੇ ਜਿਹੇ ਥੈਲੇ ਵਿੱਚ ਦੋ ਚਾਰ ਕਿਤਾਬਾਂ ਭਰ ਕੇ, ਚਾਰ ਕਿਲੋਮੀਟਰ ਸਕੂਲ ਦੇ ਰਾਹ ਪੈਦਲ ਤੁਰ ਪੈਂਦੀ ਸੀ। ਉਸ ਦੇ ਪੈਰਾਂ ਵਿੱਚ ਚੱਪਲ ਨਹੀਂ ਸੀ, ਪਰ ਸੁਪਨੇ ਵੱਡੇ ਸਨ। ਉਸ ਬਾਲੜੀ ਦਾ ਨਾਮ ਸੀ - ਦ੍ਰੌਪਦੀ।

ਅੱਜ ਉਹੀ ਦ੍ਰੌਪਦੀ ਭਾਰਤ ਦਾ ਸਭ ਤੋਂ ਚਮਕਦਾ ਸਿਤਾਰਾ ਹੈ।

ਉਹੀ ਦ੍ਰੌਪਦੀ, ਜਿਸ ਦੇ ਘਰ ਮਿੱਟੀ ਦੀ ਛੱਤ ਵਿੱਚੋਂ ਬਰਸਾਤ ਵਿੱਚ ਪਾਣੀ ਟਪਕਦਾ ਸੀ, ਅੱਜ ਰਾਸ਼ਟਰਪਤੀ ਭਵਨ ਦੀਆਂ ਉੱਚੀਆਂ ਛੱਤਾਂ ਹੇਠ ਬੈਠ ਕੇ ਦੇਸ਼ ਦੀ ਕਿਸਮਤ ਦੀਆਂ ਲਕੀਰਾਂ ਖਿੱਚਦੀ ਹੈ।

ਇਹ ਕੋਈ ਫ਼ਿਲਮੀ ਕਹਾਣੀ ਨਹੀਂ, ਇਹ ਭਾਰਤ ਦੀ ਧਰਤੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਰਚੇ ਸੰਵਿਧਾਨ ਦੀ ਤਾਕਤ ਦੀ ਸੱਚੀ ਕਹਾਣੀ ਹੈ।



ਮਾਂ-ਬਾਪ ਖੇਤਾਂ ਵਿੱਚ ਮਿਹਨਤ ਮਜ਼ਦੂਰੀ ਕਰਦੇ ਤੇ ਦ੍ਰੌਪਦੀ ਚੂਲ੍ਹੇ ਵਿਚ ਅਗ ਬਾਲਣ ਲਈ ਆਪ ਲੱਕੜਾਂ ਚੁੱਕ ਕੇ ਲਿਆਉਂਦੀ। ਪੜ੍ਹਾਈ ਲਈ ਕੇਰੋਸੀਨ ਦਾ ਲੈਂਪ ਵੀ ਘੱਟ ਹੀ ਬਲਦਾ, ਕਿਉਂਕਿ ਤੇਲ ਮਹਿੰਗਾ ਸੀ। ਫਿਰ ਵੀ ਉਸ ਨੇ ਕਦੇ ਸ਼ਿਕਾਇਤ ਨਹੀਂ ਕੀਤੀ। ਉਸ ਦੀਆਂ ਅੱਖਾਂ ਵਿੱਚ ਇੱਕੋ ਇੱਕ ਚਮਕ ਸੀ - “ਮੈਂ ਪੜ੍ਹਾਂਗੀ ਮੈਂ ਕੁਝ ਬਣਾਂਗੀ, ਆਪਣੇ ਪਿੰਡ ਦਾ, ਆਪਣੀ ਕੌਮ ਦਾ ਨਾਮ ਰੌਸ਼ਨ ਕਰਾਂਗੀ।” ਜਿੰਦਗੀ ਨੇ ਉਸ ਨੂੰ ਜਿਥੇ ਬਹੁਤ ਕੁਝ ਦਿੱਤਾ, ਉੱਥੇ ਬਹੁਤ ਕੁਝ ਖੋਹ ਵੀ ਲਿਆ।

ਉਨ੍ਹਾਂ ਨੇ ਭੁਵਨੇਸ਼ਵਰ ਦੇ ਰਮਾਦੇਵੀ ਮਹਿਲਾ ਕਾਲਜ ਤੋਂ ਬੀ.ਏ. ਕੀਤਾ। ਉਸ ਵਕਤ ਆਦਿਵਾਸੀ ਬੱਚੀਆਂ ਲਈ ਉੱਚ ਸਿੱਖਿਆ ਲੈਣਾ ਸੁਪਨੇ ਵਾਂਗ ਸੀ, ਪਰ ਦ੍ਰੌਪਦੀ ਜੀ ਨੇ ਇਹ ਸੁਪਨਾ ਸਾਕਾਰ ਕਰ ਦਿਖਾਇਆ। ਸ਼ੁਰੂ ਵਿੱਚ ਉਹ ਓਡੀਸ਼ਾ ਸਰਕਾਰ ਵਿੱਚ ਸਿੰਚਾਈ ਵਿਭਾਗ ਵਿਚ ਜੂਨੀਅਰ ਅਸਿਸਟੈਂਟ ਰਹੇ, ਫਿਰ ਸ਼੍ਰੀ ਹਰਿ ਕ੍ਰਿਸ਼ਨ ਪਬਲਿਕ ਸਕੂਲ, ਰਾਇਰੰਗਪੁਰ ਵਿੱਚ ਆਨਰੇਰੀ ਅਧਿਆਪਕਾ ਵਜੋਂ ਸੇਵਾ ਨਿਭਾਈ। 1997 ਵਿੱਚ ਉਹ ਰਾਇਰੰਗਪੁਰ ਨਗਰ ਪੰਚਾਇਤ ਦੀ ਕੌਂਸਲਰ ਚੁਣੇ ਗਏ ਤੇ ਉਪ-ਚੇਅਰਪਰਸਨ ਬਣੇ। ਇਹ ਉਹ ਵਕਤ ਸੀ ਜਦੋਂ ਔਰਤਾਂ ਖਾਸ ਕਰਕੇ ਉੱਪਰੋਂ ਆਦਿਵਾਸੀ ਔਰਤਾਂ, ਦਾ ਰਾਜਨੀਤੀ ਵਿੱਚ ਆਉਣਾ ਲਗਭਗ ਅਸੰਭਵ ਮੰਨਿਆ ਜਾਂਦਾ ਸੀ। ਪਰ ਉਨ੍ਹਾਂ ਨੇ ਆਪਣੀ ਸਾਦਗੀ, ਸੱਚਾਈ ਤੇ ਲੋਕ-ਸੇਵਾ ਨਾਲ ਸਭ ਦਾ ਦਿਲ ਜਿੱਤ ਲਿਆ। 2000 ਤੇ 2009 ਵਿੱਚ ਰਾਇਰੰਗਪੁਰ ਵਿਧਾਨ ਸਭਾ ਹਲਕੇ ਤੋਂ ਉਹ ਵਿਧਾਇਕ ਚੁਣੇ ਗਏ। ਓਡੀਸ਼ਾ ਸਰਕਾਰ ਵਿੱਚ ਮੰਤਰੀ ਵੀ ਰਹੇ। 2015 ਵਿੱਚ ਝਾਰਖੰਡ ਦੀ ਗਵਰਨਰ ਬਣ ਕੇ ਉਹ ਭਾਰਤ ਦੀ ਪਹਿਲੀ ਆਦਿਵਾਸੀ ਮਹਿਲਾ ਗਵਰਨਰ ਬਣੇ ਤੇ ਫਿਰ 2022 ਵਿੱਚ ਭਾਰਤ ਦੀ ਪਹਿਲੀ ਆਦਿਵਾਸੀ ਰਾਸ਼ਟਰਪਤੀ ਹੋਣ ਦਾ ਮਾਣ ਹਾਸਲ ਕੀਤਾ।

ਪਰ ਉਹਨਾਂ ਲਈ ਇਹ ਸਫ਼ਰ ਕਦੇ ਵੀ ਗੁਲਾਬ ਦੇ ਫੁੱਲਾਂ ਦੀ ਸੇਜ ਨਹੀਂ ਸੀ। ਜਿੱਥੇ ਇੱਕ ਪਾਸੇ ਸਿਆਸੀ ਤੇ ਸਮਾਜਿਕ ਰੁਕਾਵਟਾਂ ਸਨ, ਉੱਥੇ ਨਿੱਜੀ ਜ਼ਿੰਦਗੀ ਵਿੱਚ ਉਹਨਾਂ ਉਤੇ ਦੁੱਖਾਂ ਦਾ ਪਹਾੜ ਟੁੱਟਿਆ। 2009 ਵਿੱਚ ਉਨ੍ਹਾਂ ਦੇ 25 ਸਾਲਾ ਜੁਆਨ ਪੁੱਤਰ ਲਕਸ਼ਮਣ ਦੀ ਅਚਨਚੇਤੀ ਮੌਤ ਹੋ ਗਈ। ਫਿਰ 2013 ਵਿੱਚ ਇਕ ਸੜਕ ਹਾਦਸੇ ਵਿਚ 28 ਸਾਲਾਂ ਦੇ ਦੂਜੇ ਪੁੱਤਰ ਤੇ 2014 ਵਿੱਚ ਪਤੀ ਸ਼ਿਆਮ ਚਰਨ ਮੁਰਮੂ ਦੀ ਮੌਤ ਹੋ ਗਈ। ਜਿਸ ਨੇ ਉਹਨਾਂ ਤੋੜ ਕੇ ਕੇ ਰੱਖ ਦਿਤਾ। ਉਹ ਡਿਪਰੈਸ਼ਨ ਵਿਚ ਚਲੇ ਗਏ। ਉਹਨਾਂ ਦੀ ਇੱਕੋ-ਇੱਕ ਧੀ ਇਤੀਸ਼ਰੀ ਮੁਰਮੂ ਬਚੀ ਹੈ ਜੋਂ ਬੈਂਕ ਮੁਲਾਜ਼ਮ ਹੈ। ਇੰਨੇ ਵੱਡੇ ਸਦਮਿਆਂ ਨੇ ਉਨ੍ਹਾਂ ਨੂੰ ਅੰਦਰੋਂ ਤੋੜ ਦਿੱਤਾ ਸੀ, ਪਰ ਉਨ੍ਹਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ। ਉਹ ਬ੍ਰਹਮਾਕੁਮਾਰੀ ਆਸ਼ਰਮ ਨਾਲ ਜੁੜੇ ਤੇ ਧਿਆਨ-ਭਜਨ ਨਾਲ ਆਪਣੇ ਮਨ ਨੂੰ ਮਜ਼ਬੂਤ ਕੀਤਾ। ਉਨ੍ਹਾਂ ਦੀ ਇਹ ਆਤਮਿਕ ਮਜ਼ਬੂਤੀ ਹੀ ਉਨ੍ਹਾਂ ਨੂੰ ਅੱਜ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਬਣਾਉਂਦੀ ਹੈ।

ਸ੍ਰੀ ਮਤੀ ਦ੍ਰੌਪਦੀ ਮੁਰਮੂ ਜੀ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਜੇ ਇਰਾਦੇ ਪੱਕੇ ਹੋਣ ਤਾਂ ਪਛੜੇ ਹੋਣ ਦਾ ਠੱਪਾ, ਔਰਤ ਹੋਣ ਦੀ ਕਮਜ਼ੋਰੀ, ਰੰਗ ਭੇਦ ਸਰਾਪ, ਗਰੀਬੀ ਤੇ ਦੁੱਖਾਂ ਦਾ ਪਹਾੜ ਵੀ ਤੁਹਾਨੂੰ ਰੋਕ ਨਹੀਂ ਸਕਦਾ। ਉਹਨਾਂ ਨੇ ਸਾਬਤ ਕੀਤਾ ਹੈ ਕਿ ਭਾਰਤ ਦੀ ਅਸਲ ਤਾਕਤ ਇਸ ਦੀਆਂ ਧਰਤੀ ਨਾਲ ਜੁੜੀਆਂ ਬੇਟੀਆਂ ਵਿੱਚ ਹੈ ਜੋ ਚੁੱਪ-ਚਾਪ, ਸਾਦਗੀ ਨਾਲ ਤੇ ਲਗਨ ਨਾਲ ਆਪਣਾ ਤੇ ਦੇਸ਼ ਦਾ ਨਾਮ ਰੌਸ਼ਨ ਕਰਦੀਆਂ ਹਨ।

ਸ੍ਰੀਮਤੀ ਦ੍ਰੌਪਦੀ ਮੁਰਮੂ ਸਿਰਫ਼ ਇੱਕ ਨਾਮ ਨਹੀਂ ਇਕ ਪ੍ਰੇਰਨਾ ਹੈ,

ਇੱਕ ਸਬਕ ਹੈ। ਉਹ ਇੱਕ ਜਵਾਬ ਹੈ ਉਨ੍ਹਾਂ ਸਾਰਿਆਂ ਨੂੰ ਜੋ ਕਹਿੰਦੇ ਹਨ ਕਿ “ਇਸ ਦੇਸ਼ ਵਿੱਚ ਗਰੀਬ ਤੇ ਪਛੜੇ ਦਾ ਕੁਝ ਨਹੀਂ ਹੋ ਸਕਦਾ।” ਉਹ ਜਵਾਬ ਦਿੰਦੇ ਹਨ -“ਹੋ ਸਕਦਾ ਹੈ ਤੇ ਆਪਣੇ ਬੁਲੰਦ ਹੌਸਲੇ ਨਾਲ ਉਚੇ ਤੋਂ ਉਚਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।"

ਆਓ, ਅਸੀਂ ਸਾਰੇ ਉਨ੍ਹਾਂ ਨੂੰ ਸਲਾਮ ਕਰਦੇ ਹੋਏ ਉਨ੍ਹਾਂ ਵਰਗਾ ਹੌਸਲਾ, ਹਿੰਮਤ, ਦ੍ਰਿੜਤਾ ਤੇ ਦਲੇਰੀ ਰੱਖਣ ਦਾ ਸੰਕਲਪ ਕਰੀਏ।

**ਲਾਲ ਸਿੰਘ ਸੁਲਹਾਣੀ**

**9872155120**

# ਨੇਕ ਸੁਭਾਅ ਦੇ ਮਾਲਕ ਸਨ ਜਸਵੀਰ ਕੌਰ

**19 ਨਵੰਬਰ ਲਈ ਬਰਸੀ ਤੇ ਵਿਸ਼ੇਸ਼**

ਮਾਂ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸ ਦੀ ਸੰਗਿਆ ਮਮਤਾ ਹੈ। ਮਾਂ ਦੇ ਦੁਆਰਾ ਹੀ ਸੰਤਾਨ ਦੀ ਉਤਪਤੀ ਹੁੰਦੀ ਹੈ। ਮਾਂ ਦੀ ਕੁਰਬਾਨੀ ਅਤੇ ਯੋਗਦਾਨ ਨੂੰ ਚੁਕਾਉਣ ਲਈ ਅਸੀਂ ਜਿੰਨੀ ਮਰਜ਼ੀ ਕੋਸ਼ਿਸ਼ ਕਰੀਏ, ਅਜਿਹਾ ਕਰਨਾ ਅਸੰਭਵ ਹੈ। ਮਾਂ ਬਿਨਾਂ ਕਿਸੇ ਸਵਾਰਥ ਜਾਂ ਇੱਛਾ ਦੇ ਆਪਣੇ ਬੱਚਿਆਂ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੰਦੀ ਹੈ । ਮਾਂ ਭਾਵੇਂ ਘਰ ਬਣਾਉਣ ਵਾਲੀ ਹੋਵੇ ਜਾਂ ਕੰਮ ਕਾਜੀ ਔਰਤ, ਉਸ ਨੂੰ ਹਮੇਸ਼ਾਂ ਆਪਣੇ ਬੱਚੇ ਦੀ ਚਿੰਤਾ ਰਹਿੰਦੀ ਹੈ । ਉਹ ਹਰ ਹਾਲਤ ਵਿੱਚ ਆਪਣੇ ਬੱਚੇ ਨੂੰ ਪਹਿਲ ਦਿੰਦੀ ਹੈ । ਮਾਂ ਆਪ ਗਿੱਲੀ ਥਾਂ ਤੇ ਪੈ ਸਕਦੀ ਹੈ, ਪਰ ਬੱਚਿਆਂ ਨੂੰ ਸੁੱਕੀ ਥਾਂ ਤੇ ਹੀ ਰੱਖਦੀ ਹੈ। ਮਾਂ ਆਪ ਭੁੱਖ ਬਰਦਾਸ਼ਤ ਕਰ ਸਕਦੀ ਹੈ, ਪਰ ਬੱਚਿਆਂ ਨੂੰ ਭੁੱਖੇ ਦੇਖ ਨਹੀਂ ਸਕਦੀ। ਮਾਂ ਆਪ ਖਾਣ-ਪੀਣ ਤੋਂ ਪਹਿਲਾਂ ਬੱਚਿਆਂ ਨੂੰ ਖੁਆਉਂਦੀ ਹੈ। ਹਰ ਮਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਦੇ ਬੱਚੇ ਪੜ੍ਹ-ਲਿਖ ਕੇ ਵੱਡੇ ਅਫ਼ਸਰ ਭਾਵ ਉੱਚੇ ਅਹੁਦੇ ਤੇ ਪਹੁੰਚਣ। ਮਾਂ ਕਿੰਨੀਆਂ ਮੁਸ਼ਕਲਾਂ ਵਿੱਚ ਆਪਣੇ ਬੱਚਿਆਂ ਨੂੰ ਪਾਲਦੀ-ਪੋਸ਼ਦੀ ਹੈ, ਇਹ ਸਿਰਫ਼ ਮਾਂ ਹੀ ਜਾਣਦੀ ਹੈ। ਮਾਂ ਦਾ ਕਰਜ਼ ਬੱਚੇ ਸਾਰੀ ਉਮਰ ਹੀ ਨਹੀਂ ਉਤਾਰ ਸਕਦੇ। ਇਹ ਵੀ ਕਿਹਾ ਜਾਂਦਾ ਹੈ ਕਿ ਸੱਤ ਜਨਮਾਂ ਤੱਕ ਮਾਂ ਦਾ ਕਰਜ਼ ਉਤਾਰਿਆ ਨਹੀਂ ਜਾ ਸਕਦਾ। ਪਰ ਮੇਰੇ ਵਿਚਾਰ ਅਨੁਸਾਰ ਮਾਂ ਦਾ ਕਰਜ਼ ਜਨਮਾਂ-ਜਨਮਾਂਤਰਾਂ ਤੱਕ ਵੀ ਨਹੀਂ ਉਤਾਰਿਆ ਜਾ ਸਕਦਾ।

ਮੇਰੇ ਮਾਤਾ ਜਸਵੀਰ ਕੌਰ ਦਾ ਜਨਮ 1 ਜੁਲਾਈ 1940 ਈ: ਨੂੰ ਪਿਤਾ ਸ੍ਰ: ਭਗਵੰਤ ਸਿੰਘ ਦੇ ਘਰ ਮਾਤਾ ਸਤਵੰਤ ਕੌਰ ਦੀ ਕੁੱਖੋਂ ਪਿੰਡ ਸੰਘੇੜਾ ਹੁਣ ਜ਼ਿਲ੍ਹਾ ਬਰਨਾਲਾ ਵਿਖੇ ਹੋਇਆ। ਉਹ ਵਿੱਦਿਅਕ ਯੋਗਤਾ ਪੱਖੋਂ ਬਹੁਤਾ ਪੜ੍ਹੇ ਨਹੀਂ ਸਨ ਪਰ ਜਿਸ ਤਰ੍ਹਾਂ ਉਹਨਾਂ ਘਰ ਗ੍ਰਹਿਣੀ ਦਾ ਫ਼ਰਜ਼ ਨਿਭਾਇਆ, ਉਹ ਅਕੱਥਨੀਯ ਹੈ। ਉਹਨਾਂ ਦਾ ਵਿਆਹ ਸ੍ਰ: ਨਾਨਕ ਸਿੰਘ ਦੇ ਸਪੁੱਤਰ ਸ੍ਰ: ਜੋਗਿੰਦਰ ਸਿੰਘ ਵਾਸੀ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ ਨਾਲ 1959 ਈ: ਵਿੱਚ ਪੂਰਨ ਗੁਰਮਰਯਾਦਾ ਅਨੁਸਾਰ ਹੋਇਆ। ਉਹਨਾਂ ਦੇ ਚਾਰ ਸਪੁੱਤਰ ਸੰਪੂਰਨ ਸਿੰਘ, ਪ੍ਰਿੰਸੀਪਲ ਗੁਰਬਚਨ ਸਿੰਘ ਸੇਵਾ ਮੁਕਤ, ਕਰਨੈਲ ਸਿੰਘ ਐੱਮ.ਏ. ਲੁਧਿਆਣਾ ਸੇਵਾ ਮੁਕਤ, ਲੈਕਚਰਾਰ ਬਲਵਿੰਦਰ ਸਿੰਘ ਜੋਨਲ ਪ੍ਰੈਸ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰੈਸ ਕਲੱਬ ਦੇ ਮੈਂਬਰ ਹਨ।

ਮਾਤਾ ਜਸਵੀਰ ਕੌਰ ਨੇ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਅਤੇ ਸਮਾਜ ਵਿੱਚ ਸਨਮਾਨਯੋਗ ਥਾਂ ਤੇ ਪਹੁੰਚਾਉਣ 'ਚ ਵੱਡਾ ਰੋਲ ਨਿਭਾਇਆ। ਮਾਂ ਨੇ ਜਿਸ ਤਰ੍ਹਾਂ ਹੱਥੀਂ ਮਿਹਨਤ ਕਰਕੇ ਘਰ ਨੂੰ ਸੰਭਾਲਿਆ, ਸੰਵਾਰਿਆ, ਉਹ ਅੱਜ ਤੱਕ ਮੈਨੂੰ ਯਾਦ ਹੈ। ਮੇਰੇ ਪਿਤਾ ਜੀ ਹੀ ਇਕੱਲੇ ਕਮਾਉਣ ਵਾਲੇ ਸਨ। ਅਸੀਂ ਚਾਰ ਭਰਾ ਪੜ੍ਹਾਈ ਕਰ ਰਹੇ ਸੀ। ਪੜ੍ਹਾਈ ਦੇ ਖ਼ਰਚੇ ਅਸਮਾਨ



ਛੂਹ ਰਹੇ ਸਨ। ਇਸੇ ਕਰਕੇ ਹੀ ਮੇਰੇ ਮਾਤਾ ਜੀ ਨੇ ਚਰਖਾ ਚਲਾ ਕੇ, ਸੂਤ ਵੱਟ ਕੇ, ਕੱਪੜੇ ਸੀਅ ਕੇ ਸਾਨੂੰ ਸਾਰਿਆਂ ਨੂੰ ਪਾਲਿਆ-ਪੋਸਿਆ ਅਤੇ ਪੈਰਾਂ ਤੇ ਖੜ੍ਹਾ ਕੀਤਾ। ਉਹਨਾਂ ਹੱਥੀਂ ਬਹੁਤ ਮਿਹਨਤ ਬਹੁਤ ਕੀਤੀ। ਜਿੰਨੀ ਮਿਹਨਤ ਮੰਮੀ ਜੀ ਨੇ ਕੀਤੀ, ਉਹਨਾਂ ਬਾਰੇ ਜਿੰਨਾਂ ਲਿਖਾਂ, ਥੋੜ੍ਹਾ ਹੈ। ਉਹਨਾਂ ਵੱਲੋਂ ਕੀਤੇ ਕੰਮਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਅੱਜ ਤੋਂ ਤੇਰਾਂ ਸਾਲ ਪਹਿਲਾਂ ਦੀ ਗੱਲ ਹੈ ਕਿ ਮੇਰੇ ਮਾਤਾ ਜੀ ਅਕਤੂਬਰ ਮਹੀਨੇ 'ਚ ਸਿਹਤ ਪੱਖੋਂ ਠੀਕ ਨਹੀਂ ਸਨ। ਇਸ ਕਰਕੇ ਮੈਂ ਹਰ ਵੀਰਵਾਰ ਜਾਂ ਸ਼ੁੱਕਰਵਾਰ ਸ਼ਾਮ ਨੂੰ ਲੁਧਿਆਣਾ ਤੋਂ ਕੋਟਕਪੂਰਾ ਚਲਾ ਜਾਂਦਾ ਸੀ। ਤਿੰਨ ਦਿਨ ਮੈਂ ਕੋਟਕਪੂਰਾ ਹਸਪਤਾਲ ਵਿੱਚ ਹੀ ਮਾਤਾ ਕੋਲ ਰਹਿੰਦਾ। ਮੇਰੇ ਮਾਤਾ ਜੀ ਤੰਦਰੁਸਤ ਹੋ ਜਾਂਦੇ, ਮੈਂ ਫਿਰ ਲੁਧਿਆਣਾ ਆ ਜਾਂਦਾ। ਮੇਰਾ ਵੱਡਾ ਵੀਰ ਪ੍ਰਿੰਸੀਪਲ ਗੁਰਬਚਨ ਸਿੰਘ ਅੰਮ੍ਰਿਤਸਰ ਰਹਿੰਦਾ ਹੈ, ਉਹ ਵੀ ਇਹਨਾਂ ਦਿਨਾਂ 'ਚ ਕੋਟਕਪੂਰਾ ਆ ਜਾਂਦੇ ਸਨ। ਮੈਂ ਹਰ ਰੋਜ਼ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਫੋਨ ਕਰਕੇ ਮਾਤਾ ਜੀ ਦੀ ਸਿਹਤ ਦਾ ਹਾਲ-ਚਾਲ ਪਤਾ ਕਰਦਾ ਰਹਿੰਦਾ। ਕਈ ਵਾਰ ਮੇਰੀ ਵੱਡੀ ਭਰਜਾਈ ਤੇ ਹਸਪਤਾਲ ਦੇ ਡਾਕਟਰ ਕਹਿੰਦੇ ਕਿ ਜਦੋਂ ਤੁਸੀਂ ਦੋਨੋਂ ਭਰਾ ਅੰਮ੍ਰਿਤਸਰ ਤੇ ਲੁਧਿਆਣਾ ਵਾਲੇ ਆ ਜਾਂਦੇ ਹੋ ਤਾਂ ਮਾਤਾ ਜੀ ਠੀਕ ਹੋ ਜਾਂਦੇ ਹਨ। ਤੁਹਾਡੇ ਜਾਣ ਉਪਰੰਤ ਮਾਤਾ (ਮੰਮੀ) ਜੀ ਦੀ ਸਿਹਤ ਵਿਗੜ ਜਾਂਦੀ ਹੈ।

ਮੈਂ 18 ਨਵੰਬਰ 2013 ਨੂੰ ਹੀ ਸਵੇਰੇ 7 ਵਜੇ ਲੁਧਿਆਣਾ ਪਹੁੰਚਿਆ ਸੀ। ਫਿਰ ਸਵੇਰੇ 9 ਵਜੇ ਫੋਨ ਕਰਕੇ ਮਾਤਾ ਜੀ ਦੀ ਸਿਹਤ ਦਾ ਹਾਲ-ਚਾਲ ਪੁੱਛਿਆ। ਜਦੋਂ ਦੁਪਹਿਰੇ ਤੇ ਫਿਰ ਸ਼ਾਮ ਨੂੰ ਫੋਨ ਕੀਤਾ ਤਾਂ ਪਤਾ ਲੱਗਿਆ ਕਿ ਮਾਤਾ ਜੀ ਦੀ ਸਿਹਤ ਖ਼ਰਾਬ ਹੋ ਗਈ ਹੈ। ਅਸਲ ਵਿੱਚ ਮਾਤਾ ਜੀ ਦੇ ਫੇਫੜੇ ਦਾ ਸੱਜਾ ਪਾਸਾ ਰੁਕ (ਬੰਦ ਹੋ) ਗਿਆ ਸੀ, ਜਿਸ ਕਰਕੇ ਉਹਨਾਂ ਨੂੰ ਸਾਹ ਲੈਣ ਵਿੱਚ ਦਿੱਕਤ (ਮੁਸ਼ਕਲ) ਆ ਰਹੀ ਸੀ। ਉਹ ਸਰੀਰਕ ਪੱਖੋਂ ਵੀ ਬਹੁਤ ਕਮਜ਼ੋਰ ਸਨ। ਉਹਨਾਂ ਦੇ ਗੋਡਿਆਂ ਵਿੱਚ ਵੀ ਦਰਦ ਰਹਿੰਦਾ ਸੀ। ਮੇਰੇ ਭਰਾਵਾਂ, ਭਰਜਾਈਆਂ ਭਤੀਜੇ-ਭਤੀਜੀਆਂ ਨੇ ਲਗਾਤਾਰ ਦਿਨ-ਰਾਤ ਸੇਵਾ ਕੀਤੀ। ਜਿਸ ਸਮੇਂ ਮਾਤਾ ਜੀ ਨੂੰ ਹੋਸ਼ ਆਉਂਦੀ ਤਾਂ ਉਹ ਕਈ ਵਾਰ ਮੇਰੇ ਬਾਰੇ ਪੁੱਛਦੇ, ''ਕਿ ਕਰਨੈਲ ਸਿੰਘ ਨੇ ਦੁੱਧ ਪੀਤਾ ਹੈ, ਰੋਟੀ ਖਾ ਲਈ ਹੈ। ਪ੍ਰਿੰਸੀਪਲ ਗੁਰਬਚਨ ਸਿੰਘ ਜੋ ਅੰਮ੍ਰਿਤਸਰ ਰਹਿੰਦੇ ਹਨ, ਉਸ ਬਾਰੇ ਵੀ ਬੜਾ ਪੁੱਛਦੇ।'' ਪ੍ਰਿੰਸੀਪਲ ਗੁਰ-ਬਚਨ ਸਿੰਘ ਤਕਰੀਬਨ ਦੋ ਮਹੀਨੇ ਪਹਿਲਾਂ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ। ਜੇਕਰ ਅੱਜ ਮਾਤਾ ਜੀ ਸਾਡੇ ਵਿਚਕਾਰ ਹੁੰਦੇ ਤਾਂ ਉਹ ਬੜੇ ਖ਼ੁਸ਼ ਹੁੰਦੇ । ਇਹ ਮੌਕਾ ਵਾਰ-ਵਾਰ ਨਹੀਂ ਆਉਂਦਾ, ਜ਼ਿੰਦਗੀ ਵਿੱਚ ਇੱਕ ਵਾਰ ਹੀ ਆਉਂਦਾ ਹੈ। ਪਰ ਮਾਤਾ ਜੀ ਆਪਣੇ ਪੁੱਤਰ ਨੂੰ ਨੌਕਰੀ ਤੋਂ ਸੇਵਾ ਮੁਕਤ ਹੁੰਦਿਆਂ ਦੇਖ ਨਹੀਂ ਸਕੇ।

ਮਾਂ, ਮਾਂ ਹੀ ਹੁੰਦੀ ਹੈ। ਹਸਪਤਾਲ ਵਿੱਚ ਬੈੱਡ (ਬਿਸਤਰੇ) ਤੇ ਪਈ ਹੋਈ ਵੀ ਮੇਰੇ ਮਾਤਾ ਜੀ ਸਾਡਾ ਖ਼ਿਆਲ ਰੱਖਦੇ ਰਹੇ। ਮੇਰੇ ਮਨ ਵਿੱਚ ਕਈ ਵਾਰ ਇਹ ਗੱਲ ਖਟਕਦੀ ਸੀ ਕਿ ਕਿਤੇ ਮਾਤਾ ਜੀ ਛੱਡ ਕੇ ਚਲੇ ਨਾ ਜਾਣ ਤੇ ਅਖੀਰ ਉਹੀ ਕੁਝ ਹੋਇਆ। 19 ਨਵੰਬਰ ਸੰਨ 2013 ਈ: ਨੂੰ ਮੇਰੇ ਮਾਤਾ (ਮੰਮੀ) ਜਸਵੀਰ ਕੌਰ 73 ਸਾਲ ਦੀ ਉਮਰ ਬਤੀਤ ਕਰਕੇ ਦੁਪਹਿਰ ਪੌਣੇ ਬਾਰਾਂ ਵਜੇ ਸਾਨੂੰ ਸਾਰੇ ਪਰਿਵਾਰ ਨੂੰ ਰੋਂਦਿਆਂ-ਵਿਲਕਦਿਆਂ ਛੱਡ ਕੇ ਸਦੀਵੀ ਵਿਛੋੜਾ ਦੇ ਗਏ।

ਮਾਂ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਜੇਕਰ ਬੱਚਿਆਂ ਨੇ ਬਜ਼ੁਰਗ ਮਾਂ-ਬਾਪ ਦੀ ਸੇਵਾ ਕਰ ਲਈ ਤਾਂ ਉਹਨਾਂ ਨੂੰ ਕਿਸੇ ਵੀ ਧਰਮ ਅਸਥਾਨ ਤੇ ਯੱਗ ਜਾਂ ਪੁੰਨ ਕਰਨ ਦੀ ਲੋੜ ਨਹੀਂ ਪੈਂਦੀ। ਜੇਕਰ ਮਾਂ-ਬਾਪ ਦੀ ਸੇਵਾ ਨਹੀਂ ਕੀਤੀ ਤਾਂ ਤੁਸੀਂ ਜਿੰਨੇ ਮਰਜ਼ੀ ਦਾਨ-ਪੁੰਨ ਕਰ ਲਉ, ਭੰਡਾਰੇ ਲਾ ਲਉ, ਉਹ ਸਭ ਵਿਅਰਥ ਹਨ। ਉਹ ਸੇਵਾ ਪ੍ਰਵਾਨ ਨਹੀਂ ਹੁੰਦੀ। ਮਾਂ-ਬਾਪ ਦੀ ਸੇਵਾ ਤੋਂ ਉੱਪਰ ਕੋਈ ਧਰਮ ਨਹੀਂ ਤੇ ਨਾ ਹੀ ਕੋਈ ਸੇਵਾ। ਪੰਜਾਬੀ ਦੇ ਪ੍ਰਸਿੱਧ ਗਾਇਕ ਗੁਰਦਾਸ ਮਾਨ ਨੇ ਇੱਕ ਗੀਤ ਵਿੱਚ ਵੀ ਕਿਹਾ ਹੈ।

'ਮਾਂ ਦੀ ਪੂਜਾ ਰੱਬ ਦੀ ਪੂਰਾ ਮਾਂ ਤਾਂ ਰੱਬ ਦਾ ਰੂਪ ਹੈ ਦੂਜਾ'

ਮਾਂ ਨੂੰ ਯਾਦ ਕਰਦਿਆਂ ਉਹਨਾਂ ਦੇ ਚਰਨਾਂ 'ਚ ਨਮਸਕਾਰ ਹੈ। ਪਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਸਦਾ ਨਿਵਾਸ ਬਖ਼ਸ਼ੀ ਰੱਖੇ ਅਤੇ ਪਿੱਛੇ ਪਰਿਵਾਰ ਵਿੱਚ ਏਕਤਾ, ਪਿਆਰ, ਬਣਿਆ ਰਹੇ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।**
**Emial :- karnialiSnghma@gmial.com**

# ਬਸਪਾ ਹਲਕਾ ਚੱਬੇਵਾਲ ਦੇ ਪਿੰਡਾਂ ਵਿੱਚ ਯੂਨਿਟਾਂ ਐਡਵੋਕੇਟ ਪਲਵਿੰਦਰ ਮਾਨਾ ਦੀ ਪ੍ਰਧਾਨਗੀ ਹੇਠ ਚੌਣ ਕੀਤੀ ਗਈ

**ਚੱਬੇਵਾਲ ( ਚਰਨਜੀਤ ਸੱਲ੍ਹਾਂ** )ਅੱਜ ਮਿਤੀ 16/11/2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਸੈਕਟਰ ਚਗਰਾਂ ਦੇ ਮਾਨਾ ਦੀ ਪ੍ਰਧਾਨਗੀ ਹੇਠਪਿੰਡ ਚਗਰਾਂ, ਜੱਟਪੁਰ, ਹਰੀਪੁਰ, ਮਹੀਨਾ, ਪੱਟੀ ਤੇ ਬੋਹਣ ਵਿਖੇ ਐਡਵੋਕੇਟ ਪਲਵਿੰਦਰ ਮਾਨਾ ਜੀ ਦੀ ਅਗਵਾਈ ਵਿੱਚ ਬਸਪਾ ਟੀਮ ਵਲੋਂ ਸਾਥੀਆ ਨੂੰ ਮਿਲਿਆ ਗਿਆ ਤੇ ਪੰਜਾਬ ਸੰਭਾਲੋ ਮੁਹਿੰਮ ਦੇ ਦੂਸਰੇ ਪੜਾ ਦੇ ਮਦੇਨਜਰ ਸਾਥੀਆ ਨੂੰ ਮਿਲਕੇ ਪਾਰਟੀ ਦੀ ਚੜ੍ਹਦੀ ਕਲਾ



ਤੇ ਮਜ਼ਬੂਤੀ ਦੇ ਲਈ ਪਿੰਡਾਂ ਦੇ ਵਿੱਚ ਬਸਪਾ ਦਾ ਸੰਗਠਨ / ਯੂਨਿਟ ਬਨਾਉਣ ਸਬੰਧੀ ਵਿਚਾਰ ਕੀਤੇ ਗਏ ਅਤੇ



ਪਿੰਡਾਂ ਦੇ ਸਾਥੀਆ ਵਲੋ ਵਿਸ਼ਵਾਸ ਦੁਆਇਆ ਗਿਆ ਕਿ ਜਲਦੀ ਹੀ ਇੱਕ ਦੋ ਦਿਨਾ ਵਿੱਚ ਸਾਰੇ ਪਿੰਡਾਂ ਵਿਚ ਵੱਡੀਆ ਮੀਟਿੰਗਾ ਦਾ ਪਰਬੰਧ ਕਰਕੇ ਬਸਪਾ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਯੂਨਿਟ ਤਿਆਰ ਕੀਤਾ ਜਾਵੇਗਾ।

ਇਸ ਮੌਕੇ ਹਾਜ਼ਰ ਸਾਥੀਆ ਵਿੱਚ ਸੂਬੇਦਾਰ ਹਰਭਜਨ ਸਿੰਘ ਜੀ, ਸਤਪਾਲ ਬਡਲਾ ਜੀ, ਬਾਬੂ ਰੋਸਨ ਲਾਲ ਜੀ, ਸੋਮਨਾਥ ਬੋਹਨ ਜੀ, ਤੇਜ ਪਾਲ, ਬਲਬੀਰ ਚੰਦ, ਜਗਦੀਸ਼, ਰੇਸ਼ਮ ਸਿੰਘ, ਹੰਸ ਰਾਜ, ਜਸਪਾਲ ਸੈਣੀ, ਤੀਰਥ ਰਾਮ ਅਤੇ ਹੋਰ ਵੀ ਸਾਥੀ ਹਾਜ਼ਰ ਸਨ ।

# "ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦੇ ਟ੍ਰੇਨਿੰਗ ਕੈਂਪ ਵਿੱਚ ਐਨ ਆਰ ਆਈ ਨੇ ਕੀਤੀ ਸ਼ਿਰਕਤ

**ਬੰਗਾ (ਚਰਨਜੀਤ ਸੱਲ੍ਹਾਂ):-** "ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ" ਦਾ ਮੁਫ਼ਤ ਟ੍ਰੇਨਿੰਗ ਕੈਂਪ ਪਿੰਡ ਲੰਗੇਰੀ ਵਿਖੇ ਲਗਾਇਆ ਗਿਆ। ਇਸ ਟ੍ਰੇਨਿੰਗ ਕੈਂਪ ਵਿਚ ਸ. ਸੁਰਜੀਤ ਸਿੰਘ ਰਾਏ ਨੈਸ਼ਨਲ ਅਵਾਰਡੀ, ਕੁਦਰਤੀ ਖੇਤੀ ਮਾਹਰ ਅਤੇ ਕੁਦਰਤੀ ਖੇਤੀ ਦੇ ਮਾਸਟਰ ਟ੍ਰੇਨਰ ਨੇ ਅਪਣੇ ਕੁਦਰਤੀ ਖੇਤੀ ਫਾਰਮ ਵਿਖੇ ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦੀ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਕੁਦਰਤੀ ਖੇਤੀ ਦੀ ਮਹੱਤਤਾ ਨੂੰ ਸਮਝਣ ਲਈ ਕਨੇਡਾ ਤੋਂ ਐਨ ਆਰ ਆਈ ਮੈਡਮ ਨਰਿੰਦਰ ਕੌਰ ਅਤੇ ਐਨ ਆਰ ਆਈ ਅਵਤਾਰ ਸਿੰਘ ਸਰਹਾਲਾਂ ਕਲਾਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਉਨ੍ਹਾਂ ਨੇ ਜੀਵ ਅੰਮ੍ਰਿਤ, ਬੀਜ ਅੰਮ੍ਰਿਤ, ਘੱਣ ਜੀਵ ਅੰਮ੍ਰਿਤ, ਗੰਡੋਆ ਦੀ ਖਾਦ ਬਣਾਉਣਾ ਅਤੇ ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ



ਪਰਾਲੀ ਨਾਲ ਮਲਚਿੰਗ ਕਰਨਾ, ਹਰਬਲ ਜੜੀ-ਬੂਟਿਆਂ ਅਤੇ ਪੌਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਪ੍ਰਾਪਤ ਕੀਤੀ। ਸ ਸੁਰਜੀਤ ਸਿੰਘ ਨੇ ਕਨੇਡਾ ਤੋਂ ਆਏ ਐਨ ਆਰ ਆਈ ਕਿਸਾਨ ਜੋੜੇ ਨੂੰ ਆਪਣੇ ਹੀ ਖੇਤ ਵਿੱਚ ਹਰੇਕ ਫਸਲ ਤੋਂ ਵਧੀਆਂ ਅਤੇ ਸਿਹਤਮੰਦ ਅਤੇ ਦੇਸੀ ਤਰੀਕੇ ਨਾਲ ਬੀਜ ਤਿਆਰ ਕਰਨ ਦੀ ਟ੍ਰੇਨਿੰਗ ਦਿੱਤੀ। ਟ੍ਰੇਨਿੰਗ ਕੈਂਪ ਦੌਰਾਨ ਸੁਰਜੀਤ ਸਿੰਘ ਰਾਏ ਨੇ ਉਨ੍ਹਾਂ ਨੂੰ ਫੁੱਲਦਾਰ, ਫਲਦਾਰ, ਛਾਂਦਾਰ ਅਤੇ ਹਰਬਲ ਬੂਟਿਆਂ ਦੀ ਜਾਣਕਾਰੀ ਵੀ ਦਿੱਤੀ। ਉਹਨਾਂ ਕਿਹਾ ਕਿ ਸਾਡੇ ਦੇਸ਼ ਦੇ ਵਾਤਾਵਰਣ ਨੂੰ ਬਚਾਉਣ ਲਈ ਪੌਦੇ ਲਗਾਉਣੇ ਬਹੁਤ ਜਰੂਰੀ ਹਨ। ਉਨਾਂ ਬੂਟਿਆਂ ਦੀ ਸਾਂਭ ਸੰਭਾਲ ਤੇ ਦੀ ਜੋਰ ਦਿੱਤਾ। ਕੈਂਪ ਵਿਚ ਆਏ ਐਨ ਆਰ ਆਈ ਕਿਸਾਨ ਜੋੜੇ ਨੇ "ਕੁਦਰਤੀ ਖੇਤੀ" ਤੋਂ ਪ੍ਰਭਾਵਿਤ ਹੋ ਕੇ ਪ੍ਰਣ ਕੀਤਾ ਕਿ ਉਹ 3 ਤੋਂ 4 ਖੇਤਾਂ ਦੇ ਰਕਬੇ ਵਿੱਚ ਕੁਦਰਤੀ ਖੇਤੀ ਦੀ ਕਾਸ਼ਤ ਕਰਨਗੇ ਅਤੇ ਰਸਾਇਣਕ ਖੇਤੀ ਤੋਂ ਛੁਟਕਾਰਾ ਪਾਉਣਗੇ। ਹੌਲੀ ਹੌਲੀ ਉਹ ਕੁਦਰਤੀ ਖੇਤੀ ਦੇ ਰਕਬੇ ਨੂੰ ਹੋਰ ਵਧਾਉਣਗੇ। ਉਨ੍ਹਾਂ ਵਿਸ਼ਵਾਸ਼ ਦੁਆਇਆ ਕਿ ਉਹ ਹੁਣ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਕਦੇ ਵੀ ਅੱਗ ਨਹੀਂ ਲਗਾਉਣਗੇ । ਉਨਾਂ ਵਾਅਦਾ ਕੀਤਾ ਕਿ ਉਹ ਕੁਦਰਤੀ ਖੇਤੀ ਨੂੰ ਅਪਣਾ ਕੇ ਹਵਾ, ਮਿੱਟੀ ਅਤੇ ਪਾਣੀ ਨੂੰ ਬਚਾਉਣ ਲਈ ਹੋਰ ਲੋਕਾਂ ਨੂੰ ਵੀ ਜਾਗਰੂਕ ਕਰਨਗੇ। ਇਸ ਮੌਕੇ ਸੁਖਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ ਰਾਏ, ਜੈਸਮੀਨ ਕੌਰ, ਰਘੂਵੀਰ ਸਿੰਘ, ਡਰਾਈਵਰ ਸੰਦੀਪ ਸਿੰਘ ਆਦਿ ਵੀ ਹਾਜਰ ਸਨ।

## ਜਨਮ ਦਿਨ ਮੁਬਾਰਕ




ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਕਰਨਵੀਰ ਬਾਂਠ ਮਾਤਾ ਮਸਤਾ ਕੁਮਾਰੀ ਬਾਂਠ ਪਿਤਾ ਵਾਸਦੇਵ ਬਾਂਠ ਬਲਾਚੌਰ ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

# ਸੇਵਾ, ਸਿਮਰਨ ਦੇ ਪੁੰਜ ਤੇ ਪਰਉਪਕਾਰੀ ਸੰਤ ਬਾਬਾ ਜਸਵੰਤ ਸਿੰਘ

ਪੰਜਾਬ, ਗੁਰੂ ਸਾਹਿਬਾਨਾਂ, ਸੰਤਾਂ ਤੇ ਪੀਰਾਂ-ਫਕੀਰਾਂ ਦੀ ਧਰਤੀ ਹੈ । ਇਸ ਧਰਤੀ ਤੇ ਕੁਝ ਅਜਿਹੇ ਸੰਤ ਮਹਾਂਪੁਰਖ ਵੀ ਹੋਏ ਹਨ ਜੋ ਇਤਿਹਾਸ ਵਿੱਚ ਇੱਕ ਨਵੇਂ ਅਧਿਆਏ ਵਜੋਂ ਜੁੜਨ ਦੀ ਸਮਰੱਥਾ ਰੱਖਦੇ ਹਨ ਅਤੇ ਆਪਣੇ ਖੇਤਰ ਦੀਆਂ ਪ੍ਰਾਪਤੀਆਂ ਸਦਕਾ ਕੌਮ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਜਾਂਦੇ ਹਨ । ਅਜਿਹੇ ਹੀ ਨਾਮਵਰ ਅਦੁੱਤੀ ਸ਼ਖ਼ਸ਼ੀਅਤ ਦੇ ਮਾਲਕ ਸਨ ਸੰਤ ਬਾਬਾ ਜਸਵੰਤ ਸਿੰਘ ਗੁਰਦੁਆਰਾ ਨਾਨਕਸਰ, ਸਮਰਾਲਾ ਚੌਂਕ, ਲੁਧਿਆਣਾ ਵਾਲੇ ।

ਸੰਤ ਬਾਬਾ ਜਸਵੰਤ ਸਿੰਘ ਦਾ ਜਨਮ 1941 ਈਸਵੀ ਨੂੰ ਪਿਤਾ ਸ੍ਰ: ਜਵਾਲਾ ਸਿੰਘ ਦੇ ਘਰ ਮਾਤਾ ਨਸੀਬ ਕੌਰ ਜੀ ਦੀ ਪਵਿੱਤਰ ਕੁੱਖ ਤੋਂ ਪਿੰਡ ਘਮੌਰ, ਨੇੜੇ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਬਾਬਾ ਜੀ ਦੇ ਦਾਦਾ ਜੀ ਜੋ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪਾਕਿ-ਸਤਾਨ ਦੇ ਜ਼ਿਲ੍ਹਾ ਲਾਇਲਪੁਰ ਤੋਂ ਆ ਕੇ ਇੱਥੇ ਸਥਾਪਿਤ ਹੋਏ ਅਤੇ ਉਹਨਾਂ ਵੱਲੋਂ ਇਲਾਕੇ ਵਿੱਚ ਬਹੁਤ ਵੱਡੀ ਹਵੇਲੀ ਦੀ ਉਸਾਰੀ ਕਰਵਾਈ ਜੋ ਦੇਸ਼ ਦੀ ਵੰਡ ਸਮੇਂ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਅਨੁਸਾਰ ਇਲਾਕੇ ਦੇ ਮੁਸਲਮਾਨ ਭਰਾਵਾਂ ਲਈ ਬਹੁਤ ਵੱਡੇ ਬਚਾਓ ਦਾ ਵਾਰਸ ਬਣੀ । ਉਹਨਾਂ ਦੀ ਹਿਫ਼ਾਜ਼ਤ ਤੋਂ ਇਲਾਵਾ ਲੰਬੇ ਸਮੇਂ ਤੱਕ ਨਿਰਸਵਾਰਥ ਉਹਨਾਂ ਦੇ ਲੰਗਰ ਅਤੇ ਰਿਹਾਇਸ਼ ਦਾ ਡੂੰਘਾ ਪ੍ਰਭਾਵ ਬਾਬਾ ਜੀ ਦੀ ਸ਼ਖ਼ਸ਼ੀਅਤ ਉੱਤੇ ਪਿਆ । ਸੰਤ ਬਾਬਾ ਜਸਵੰਤ ਸਿੰਘ ਦਾ ਬਚਪਨ ਤੋਂ ਹੀ ਝੁਕਾਅ ਸੇਵਾ-ਭਾਵ ਵੱਲ ਸੀ । ਉਹਨਾਂ ਉੱਚ ਪਾਏ ਦੀ ਵਿੱਦਿਆ ਪ੍ਰਾਪਤ ਕਰਨ ਉਪਰੰਤ, ਪੈਸਾ ਕਮਾਉਣ ਦੀ ਥਾਂ ਆਪਣਾ ਸਮੁੱਚਾ ਜੀਵਨ ਗੁਰਮਤਿ ਤੇ ਲੋਕ-ਸੇਵਾ ਦੇ ਲੇਖੇ ਲਾਇਆ । ਬਾਬਾ ਜਸਵੰਤ ਸਿੰਘ ਨੇ 1978 ਵਿੱਚ ਸਨਅਤੀ ਸ਼ਹਿਰ ਲੁਧਿਆਣਾ ਵਿਖੇ ਸਮਰਾ-ਲਾ ਚੌਂਕ ਦੇ ਨਜ਼ਦੀਕ ਜੀ.ਟੀ.ਰੋਡ 'ਤੇ ਸਥਿਤ ਗੁਰਦੁਆਰਾ ਨਾਨਕਸਰ ਸੰਗਤਾਂ ਨੂੰ ਪ੍ਰੇਰ ਕੇ ਤੇ ਆਪ ਹੱਥੀਂ ਸੇਵਾ ਕਰਕੇ ਸਥਾਪਿਤ ਕੀਤਾ । ਅੱਜ ਗੁਰਦੁਆਰਾ ਸਾਹਿਬ ਸੇਵਾ, ਸਿਮਰਨ ਅਤੇ ਗੁਰਮਤਿ ਪ੍ਰਚਾਰ ਦਾ ਪ੍ਰਮੁੱਖ ਕੇਂਦਰ ਬਣ ਚੁੱਕਾ ਹੈ । ਉਹਨਾਂ ਵੱਲੋਂ ਕੋਈ ਵੀ ਵੱਖਰਾ ਪੰਥ ਉਸਾਰਨ ਦੀ ਬਜਾਏ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਪ੍ਰਚਾਰ ਅਤੇ ਪ੍ਰਸਾਰ ਦਾ ਘੇਰਾ ਵਿਦੇਸ਼ਾਂ ਤੱਕ ਵਧਾਇਆ ਅਤੇ ਲੋਕਾਂ ਨੂੰ ਨਿਮਰਤਾ ਅਤੇ ਦਇਆ ਨੂੰ ਅਪਣਾਉਣ ਲਈ ਪ੍ਰੇਰਿਆ ਅਤੇ ਹਮੇਸ਼ਾਂ ਸ਼ਬਦ ਨੂੰ ਗੁਰੂ ਮੰਨ ਕੇ ਸੁਰਤ ਨੂੰ ਚੇਲਾ ਸਮਝ ਕੇ ਗੁਰਬਾਣੀ ਦੁਆਰਾ ਦੱਸੇ ਗਾਡੀਰਾਹ ਤੇ ਚੱਲਣ ਦੀ ਪ੍ਰੇਰਨਾ ਦਿੱਤੀ । ਸੰਤ ਬਾਬਾ ਜਸਵੰਤ ਸਿੰਘ ਵੱਲੋਂ ਉੱਤਰੀ ਭਾਰਤ ਵਿੱਚ ਪਹਿਲਾ ਵੱਡਾ ਬੀ.ਜੇ.ਐਸ.ਡੈਂਟਲ ਕਾਲਜ ਅਤੇ ਹਸਪਤਾਲ ਦਾ ਸੈਕਟਰ-40, ਮੋਤੀ ਨਗਰ, ਲੁਧਿਆਣਾ ਵਿਖੇ ਨਿਰਮਾਣ ਕਰਵਾਇਆ ਗਿਆ । ਇਸ ਕਾਲਜ ਨੂੰ ਚੱਲਦਿਆਂ 25 ਸਾਲ ਹੋ ਗਏ ਹਨ । ਹਰ ਸਾਲ 100 ਡਾਕਟਰ ਤਿਆਰ ਹੋ ਕੇ ਸਮਾਜ ਅਤੇ ਦੇਸ਼ ਦੇ ਲੋਕਾਂ ਲਈ ਸੇਵਾਵਾਂ ਪ੍ਰਦਾਨ ਕਰ ਰਹੇ ਹਨ । 2500 ਡਾਕਟਰ ਸਮੁੱਚੇ ਸੰਸਾਰ ਵਿੱਚ ਸੇਵਾ ਕਰ ਰਹੇ ਹਨ । ਸੰਤ ਬਾਬਾ ਜਸਵੰਤ ਸਿੰਘ ਟ੍ਰਸਟ ਵੱਲੋਂ ਲੁਧਿਆਣਾ-ਚੰਡੀਗੜ੍ਹ ਹਾਈਵੇ ਤੇ ਸੈਕਟਰ-32 'ਚ ਸ਼੍ਰੀ ਗੁਰੂ ਅਮਰਦਾਸ ਜੀ ਦੇ ਨਾਂ ਉੱਤੇ 500 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ ਕਰਵਾਈ। ਸੰਤ ਬਾਬਾ ਜਸਵੰਤ ਸਿੰਘ ਨੇ "ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥" ਅਨੁਸਾਰ ਅਨੇਕਾਂ ਗੁਰਦੁਆਰਿਆਂ ਦੀ ਸੇਵਾ ਕਰਵਾਈ । ਕੁਦਰਤੀ ਵਾਤਾਵਰਨ ਲਈ ਲੱਖਾਂ ਬੂਟੇ ਵੰਡੇ, ਗ਼ਰੀਬ ਲੜਕੀਆਂ ਦੇ ਸਾਦੇ ਵਿਆਹ ਕਰਵਾਏ । ਗ਼ਰੀਬਾਂ ਤੇ ਲੋੜਵੰਦਾਂ ਦੀ ਅਥਾਹ ਸੇਵਾ ਕੀਤੀ । ਪਿੰਡਾਂ- ਸ਼ਹਿਰਾਂ, ਦੇਸ਼ਾਂ ਵਿਦੇਸ਼ਾਂ ਵਿੱਚ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਤੇ ਗੁਰੂ ਵਾਲੇ ਬਣਾਇਆ ।ਸੰਤ ਬਾਬਾ ਜਸਵੰਤ ਸਿੰਘ ਵੱਲੋਂ ਸਿਹਤ ਸਹੂਲਤਾਂ ਨੂੰ ਲੋਕਾਂ ਦੇ ਪਹੁੰਚ ਅੰਦਰ ਲਿਆਉਣ ਵਾਸਤੇ ਅੰਤਰਰਾਸ਼ਟਰੀ ਪੱਧਰ ਤੇ ਖੋਜ ਕੇਂਦਰ ਦੀ ਸਥਾਪਨਾ ਕੀਤੀ । ਖੋਜ ਕੇਂਦਰ ਵੱਲੋਂ "ਇੰਟਰਨੈਸ਼ਨਲ ਜਨਰਲ ਆਫ ਹੈਲਥ ਇਨਵਾਇਰਮੈਂਟ ਐਂਡ ਰਿਸਰਚ" ਤਿਆਰ ਹੋ ਚੁੱਕਾ ਹੈ । ਖੋਜ ਕੇਂਦਰ ਵਿੱਚ ਤਜਰਬੇਕਾਰ ਵਿਗਿਆਨੀਆਂ ਦੀ ਟੀਮ ਨਿਰੰਤਰ ਕਾਰਜ ਕਰ ਰਹੀ ਹੈ, ਜੋ ਬਹੁਤ ਹੀ ਸਰਾਹੁਣਯੋਗ ਹੈ ।



ਸਮਾਜ ਵੀਕਲੀ ਨਿਊਜ਼

ਗੁਰਦੁਆਰਾ ਨਾਨਕਸਰ ਸੇਵਾ ਦਾ ਮਹਾਨ ਕੇਂਦਰ ਹੈ, ਜਿੱਥੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਦੇ ਪ੍ਰਚਾਰ ਲਈ ਦਰਬਾਰ ਹਾਲ, ਲੰਗਰ ਹਾਲ, ਸੰਗਤਾਂ ਦੇ ਠਹਿਰਣ ਲਈ 200 ਕਮਰਿਆਂ (ਅਟੈਚ ਬਾਥਰੂਮ) ਦੀ ਆਲੀਸ਼ਾਨ ਇਮਾਰਤ, ਵੱਡੀ ਪਾਰਕਿੰਗ, ਬਜ਼ੁਰਗਾਂ ਲਈ ਲਿਫਟ, ਸ਼ੁੱਧ ਪਾਣੀ ਲਈ ਆਰ.ਓ. ਸਿਸਟਮ ਲਗਾਇਆ ਗਿਆ ਹੈ । ਸਰਬੱਤ ਦੇ ਭਲੇ ਤੇ ਸਮੁੱਚੀ ਮਾਨਵਤਾ ਦੀ ਚੜ੍ਹਦੀ ਕਲਾ ਲਈ ਅਖੰਡ-ਪਾਠਾਂ ਦੀ ਨਿਰੰਤਰ ਅਤੇ ਨਿਸ਼ਕਾਮ ਲੜੀ ਗੁਰਦੁਆਰਾ ਸਾਹਿਬ ਵਿਖੇ ਕਈ ਸਾਲਾਂ ਤੋਂ ਚੱਲ ਰਹੀ ਹੈ ।

ਸੰਤ ਬਾਬਾ ਜਸਵੰਤ ਸਿੰਘ ਗੁਰਸਿੱਖੀ ਤੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਕਈ ਵਾਰ ਅਮਰੀਕਾ, ਕਨੇਡਾ, ਇੰਗਲੈਂਡ, ਦੁਬਈ, ਯੂ.ਕੇ., ਆਸਟਰੇਲੀਆ, ਜਰਮਨੀ, ਡਰਬੀ, ਨੈਰੋਬੀ ਵਿਖੇ ਗਏ ਸਨ । ਉਹ ਸਮੁੱਚੇ ਭਾਰਤ ਵਿੱਚ ਵਿਚਰ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਤੇ ਗੁਰ-ਮਤਿ ਦਾ ਪ੍ਰਚਾਰ ਕਰ ਰਹੇ ਸਨ ।

ਇਹਨਾਂ ਸਤਰਾਂ ਦੇ ਲੇਖਕ ਅਨੁਸਾਰ "ਬਾਬਾ ਜੀ, ਮਹਾਨ ਪਰਉਪਕਾਰੀ ਸਨ। ਆਪ ਹਰ ਵੇਲੇ ਨਾਮ ਜਪਦੇ ਤੇ ਜਪਾਉਂਦੇ ਰਹਿੰਦੇ ਸਨ । ਆਪ ਦੇ ਸਾਰੇ ਕਾਰਜ ਲੋਕਾਂ ਦੇ ਭਲੇ ਲਈ ਹੋ ਰਹੇ ਸਨ । ਆਪ ਗ਼ਰੀਬਾਂ, ਲੋੜਵੰਦਾਂ ਦੇ ਹਮਦਰਦ ਸਨ । ਆਪ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਰਹਿਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਰਹੇ ਸਨ । ਆਪ ਗੁਰੂ ਨਾਨਕ ਦੇ ਦੱਸੇ ਸਰਬੱਤ ਦੇ ਭਲੇ ਦੇ ਫ਼ਲਸਫ਼ੇ ਦਾ ਪ੍ਰਚਾਰ ਵਿਸ਼ਵ ਪੱਧਰ ਤੇ ਕਰ ਰਹੇ ਸਨ । ਆਪ ਹਮੇਸ਼ਾਂ ਹੀ ਸਰਬੱਤ ਦਾ ਭਲਾ ਮੰਗਦੇ ਸਨ । ਆਪ ਦਾ ਜੀਵਨ ਸਮੁੱਚੀ ਮਾਨਵਤਾ ਤੇ ਲੋਕਾਈ ਲਈ ਸੇਧ ਬਣਿਆ ਰਹੇਗਾ ।"

ਸੇਵਾ ਤੇ ਸਿਮਰਨ ਦੇ ਪੁੰਜ, ਨਿਰਮਲ ਆਤਮਾ, ਨਾਮ-ਬਾਣੀ ਦੇ ਰਸੀਏ ਸੰਤ ਬਾਬਾ ਜਸਵੰਤ ਸਿੰਘ ਜੀ 20 ਨਵੰਬਰ 2020 ਈਸਵੀ ਦਿਨ ਸ਼ੁੱਕਰਵਾਰ ਨੂੰ 79 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ । ਸੰਤ ਬਾਬਾ ਜਸਵੰਤ ਸਿੰਘ ਵੱਲੋਂ ਸੌਂਪੀ ਸੇਵਾ ਦੀ ਦਸਤਾਰਬੰਦੀ ਦੇਸ਼-ਵਿਦੇਸ਼ ਦੀਆਂ ਸੰਪਰਦਾਵਾਂ/ ਸੰਸਥਾਵਾਂ ਨੇ ਬਾਬਾ ਅਨਹਦਰਾਜ ਸਿੰਘ ਜੀ ਨੂੰ ਕੀਤੀ ।

ਬਾਬਾ ਅਨਹਦਰਾਜ ਸਿੰਘ ਸੁਭਾਅ ਦੇ ਨਰਮ, ਮਿੱਠਬੋਲੜੇ, ਨਿਮਰਤਾ ਦੇ ਪੁੰਜ, ਵਿਦਵਾਨਾਂ ਦੇ ਕਦਰਦਾਨ, ਗੁਰਮੁਖ ਤੇ ਸਾਧੂ- ਸੁਭਾਅ ਵਾਲੇ ਹਨ । ਜਿੱਥੇ ਬਾਬਾ ਜਸਵੰਤ ਸਿੰਘ ਜੀ ਦੇ ਇੰਨ-ਬਿੰਨ ਨਕਸ਼ੇ ਕਦਮਾਂ ਤੇ ਚੱਲਦਿਆਂ ਹੋਇਆਂ ਹੋਰ ਸੰਸਥਾਵਾਂ ਤੇ ਸੇਵਾਵਾਂ ਵਿੱਚ ਭਰਪੂਰ ਸ਼ਲਾਘਾਯੋਗ ਵਿਸਥਾਰ ਕਰ ਰਹੇ ਹਨ, ਉੱਥੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਦੇਸ਼ਾਂ-ਵਿਦੇਸ਼ਾਂ ਵਿੱਚ ਉਸੇ ਤਰ੍ਹਾਂ ਯੋਗਦਾਨ ਪਾ ਰਹੇ ਹਨ । ਜਿਸ ਨਾਲ ਵਿਦੇਸ਼ਾਂ ਵਿੱਚ ਵੱਸਦੇ ਨੌਜਵਾਨਾਂ ਵਿੱਚ ਉਹਨਾਂ ਦਾ ਆਦਰ ਅਤੇ ਪਿਆਰ ਵਰਨਣਯੋਗ ਹੈ। ਭਵਿੱਖ ਵਿੱਚ ਸਮਾਜ ਉਹਨਾਂ ਦੀਆਂ ਸੇਵਾਵਾਂ ਤੋਂ ਵੱਡੀਆਂ ਆਸਾਂ ਰੱਖਦਾ ਹੈ।

ਬਾਬਾ ਅਨਹਦਰਾਜ ਸਿੰਘ ਨੇ ਸੰਤ ਬਾਬਾ ਜਸਵੰਤ ਸਿੰਘ ਜੀ ਵੱਲੋਂ ਆਰੰਭੇ ਕਾਰਜਾਂ ਨੂੰ ਹੋਰ ਪ੍ਰਚੰਡ ਕੀਤਾ । ਉਹਨਾਂ ਸ਼੍ਰੀ ਗੁਰੂ ਅਮਰਦਾਸ ਜੀ ਹਸਪਤਾਲ ਸੈਕਟਰ-32 ਦੀ ਉਸਾਰੀ ਮੁਕੰਮਲ ਕਰਵਾਈ । ਬਾਬਾ ਜਸਵੰਤ ਸਿੰਘ ਡੈਂਟਲ ਹਸਪਤਾਲ ਲਈ ਮੋਬਾਈਲ ਹਸਪਤਾਲ ਬੱਸ ਮਰੀਜ਼ਾਂ ਦੇ ਇਲਾਜ ਲਈ ਖਰੀਦ ਕੀਤੀ। ਜਿਸ ਵਿੱਚ ਡਾਕਟਰਾਂ ਦੇ ਬੈਠਣ ਲਈ ਅਲੱਗ ਸੁਵਿਧਾਵਾਂ ਪ੍ਰਦਾਨ ਕੀਤੀਆਂ ਗਈਆਂ । ਬਾਬਾ ਅਨਹਦਰਾਜ ਸਿੰਘ ਜੀ ਨੇ ਡੈਂਟਲ (ਦੰਦਾਂ ਦਾ) ਹਸਪਤਾਲ ਨੂੰ ਆਧੁਨਿਕ ਤਕਨੀਕ ਦੀਆਂ ਮਸ਼ੀਨਾਂ ਨਾਲ ਲੈਸ ਕੀਤਾ। ਹਸਪਤਾਲ ਵਿੱਚ ਸਕੈਨ ਸੈਂਟਰ, ਦੰਦਾਂ ਦੇ ਕੈਂਸਰ ਦੀ ਰੋਕਥਾਮ ਲਈ ਮਸ਼ੀਨਾਂ ਉਪਲਬਧ ਕਰਵਾਈਆਂ । ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ 240 ਤੋਂ ਵੀ ਵੱਧ ਥਾਂਵਾਂ ਤੇ ਦੰਦਾਂ ਦੇ ਕੈਂਪ ਲਗਾਏ ਗਏ । ਇਹਨਾਂ ਕੈਂਪਾਂ ਵਿੱਚ ਮਰੀਜ਼ਾਂ ਦਾ ਚੈੱਕਅਪ, ਦਵਾਈ ਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਹੁਣ ਤੱਕ ਹਜ਼ਾਰਾਂ ਮਰੀਜ਼ਾਂ ਨੇ ਇਹਨਾਂ ਕੈਂਪਾਂ ਦਾ ਲਾਭ ਉਠਾਇਆ। ਗੁਰਦੁਆਰਾ ਨਾਨਕਸਰ ਸਾਹਿਬ, ਸਮਰਾਲਾ ਚੌਂਕ, ਲੁਧਿਆਣਾ ਵਿਖੇ ਸੰਤ ਬਾਬਾ ਜਸਵੰਤ ਸਿੰਘ ਜੀ ਤੋਂ ਵਰੋਸਾਏ ਬਾਬਾ ਅਨਹਦਰਾਜ ਸਿੰਘ ਜੀ ਦੀ ਸਰਪ੍ਰਸਤੀ ਹੇਠ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਜਸਵੰਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਾਲਾਨਾ ਮਹਾਨ ਗੁਰਮਤਿ ਸਮਾਗਮ ਅਤੇ ਸੰਤ ਬਾਬਾ ਜਸਵੰਤ ਸਿੰਘ ਜੀ ਦੀ ਪੰਜਵੀਂ ਬਰਸੀ ਸਮਾਗਮ 18, 19, 20 ਅਤੇ 21 ਨਵੰਬਰ ਦਿਨ ਮੰਗਲਵਾਰ, ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । 18 ਨਵੰਬਰ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ 21 ਸ਼੍ਰੀ ਅਖੰਡ- ਪਾਠ ਸਾਹਿਬ ਆਰੰਭ ਹੋਣਗੇ । 19 ਨਵੰਬਰ ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਅੰਮ੍ਰਿਤ-ਸੰਚਾਰ ਹੋਵੇਗਾ । 20 ਨਵੰਬਰ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਅਖੰਡ-ਪਾਠਾਂ ਦੀ ਸਮਾਪਤੀ ਉਪਰੰਤ ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਜਸਵੰਤ ਸਿੰਘ ਜੀ ਦੀ ਪੰਜਵੀਂ ਬਰਸੀ ਨੂੰ ਸਮਰਪਿਤ "ਸੰਤ-ਸਮਾਗਮ" ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ । 21 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਲੌਕਿਕ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਸ਼ਾਮ 4 ਵਜੇ ਤੋਂ ਸ਼ਨਿੱਚਰਵਾਰ ਸਵੇਰੇ 7 ਵਜੇ ਤੱਕ ਹੋਵੇਗਾ ।

ਚਾਰ ਰੋਜ਼ਾ ਸਮਾਗਮ ਵਿੱਚ ਪੰਥ ਦੀਆਂ ਮਹਾਨ ਸ਼ਖ਼ਸ਼ੀਅਤਾਂ, ਸਮੂਹ ਸਿੱਖ ਸੰਪਰਦਾਵਾਂ ਦੇ ਮਹਾਂਪੁਰਖ ਅਤੇ ਪੰਥ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ ਤੇ ਬਾਬਾ ਅਨਹਦਰਾਜ ਸਿੰਘ ਜੀ ਆਪ ਖੁਦ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । 18 ਨਵੰਬਰ ਤੋਂ 20 ਨਵੰਬਰ ਤੱਕ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਦੇ ਮਾਹਿਰ ਡਾਕਟਰਾਂ ਵੱਲੋਂ ਦੰਦਾਂ ਦੀਆਂ ਬਿਮਾਰੀਆਂ ਦਾ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾਵੇਗਾ । 20 ਅਤੇ 21 ਨਵੰਬਰ ਦੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ (ਲ਼ਿਵਏ ਠਏਲਏਚਓਸਟ) ਪੀਟੀਸੀ ਸਿਮਰਨ ਚੈਨਲ, ਫਾਸਟ-ਵੇ ਚੈਨਲ, ਸਿੱਖ ਚੈਨਲ, ਫਤਿਹ ਟੀ.ਵੀ ਚੈਨਲ ਅਤੇ ਇੰਟਰਨੈਟ ਰਾਹੀਂ youtube page "Baba Jaswant iSngh ij" www.gnsldh.org ਅਤੇ https ://www Facebook.com/Baba Jaswant iSngh ij ਤੇ ਦੇਖ ਕੇ ਲਾਹਾ ਪ੍ਰਾਪਤ ਕਰੋ ਜੀ । ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਬਾਬਾ ਅਨਹਦਰਾਜ ਸਿੰਘ ਜੀ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**
**Emial :-**
**karnialiSnghma@gmial.com**

# ਖ਼ੂਨ ਦੇ ਛਿੱਟੇ ਮਾਰਨ ਵਾਲਾ ਭੂਤ ਕੀਤਾ ਕਾਬੂ - ਮਾਸਟਰ ਪਰਮਵੇਦ

## ਵਿਗਿਆਨਕ ਸੋਚ ਅਪਨਾਉਣ ਵਕ਼ਤ ਦੀ ਮੁੱਖ ਲੋੜ –ਤਰਕਸ਼ੀਲ

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਇਸ ਯੁੱਗ ਵਿੱਚ ਮਨੁੱਖ ਨੇ ਹਰ ਖ਼ੇਤਰ ਵਿੱਚ ਅਸਰਅੰਦਾਜ਼ ਖੋਜਾਂ ਕਾਢਾਂ ਰਾਹੀਂ ਮਨੁੱਖੀ ਜੀਵਨ ਨੂੰ ਬੇਅੰਤ ਸੁਖ ਸਹੂਲਤਾਂ ਨਾਲ ਭਰ ਦਿੱਤਾ ਹੈ । ਸੰਚਾਰ, ਆਵਾਜਾਈ, ਮਨੋਰੰਜਨ, ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਦੀਆਂ ਸਹੂਲਤਾਂ ਵਿੱਚ ਵਿਗਿਆਨਕ ਖੋਜਾਂ ਦੀ ਚਰਚਾ ਹੋ ਰਹੀ ਹੈ।ਇਹ ਵੱਖਰੀ ਗਲ ਹੈ ਕਿ ਮਨੁੱਖ ਦੇ ਲਾਲਚੀ ਤੇ ਸਵਾਰਥੀ ਸੁਭਾਅ ਕਰਕੇ ਬਹੁਤ ਵਾਰੀ ਵਿਗਿਆਨਕ ਖੋਜਾਂ ,ਕਾਢਾਂ ਦੀ ਦੁਰਵਰਤੋਂ ਹੁੰਦੀ ਹੈ।ਪਰ ਇੰਨੀ ਤਰੱਕੀ ਦੇ ਬਾਵਜੂਦ ਮਨੁੱਖ ਦਾ ਨਜ਼ਰੀਆ ਵਿਗਿਆਨਕ ਨਹੀਂ ਬਣ ਰਿਹਾ , ਉਸਦੀ ਸੋਚ ਉਥੇ ਹੀ ਖੜੀ ਹੈ।ਸੋਚਣ ਢੰਗ ਵਿਗਿਆਨਕ ਨਹੀਂ ਹੋ ਰਿਹਾ, ਕੁਦਰਤੀ ਵਰਤਾਰਿਆਂ ਬਾਰੇ ਕੀ, ਕਿਉਂ,ਕਿਵੇਂ ਵਿਗਿਆਨਕ ਗੁਣਾਂ ਦੀ ਵਰਤੋਂ ਨਹੀਂ ਕਰ ਰਿਹਾ, ਰਹੱਸਮਈ ਘਟਨਾਵਾਂ ਤੇ ਮਾਨਸਿਕ ਰੋਗਾਂ ਦੇ ਕਾਰਨ ਜਾਨਣ ਦੀ ਥਾਂ ਇਨ੍ਹਾਂ ਨੂੰ ਭੂਤਾਂ -ਪ੍ਰੇਤਾਂ ਦੀ ਕਾਰਵਾਈ ਕਰਾਰ ਦਿੰਦਾ ਹੈ।ਅਸਲ ਵਿੱਚ ਸਾਡਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਸਾਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਪਿਛਾਂਹਖਿਚੂ ਰਵਾਇਤਾਂ ਦੇ ਬੁੱਕ ਭਰ ਭਰ ਵੰਡ ਰਿਹਾ ਹੈ। ਇਸਤੇ ਕਾਬਜ਼ ਕਾਰਪੋਰੇਟ ਘਰਾਣਿਆਂ ਲੋਕਾਂ ਨੂੰ ਅੰਧਵਿਸ਼ਵਾਸੀ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ,ਉਹ ਲੋਕਾਂ ਵਿੱਚ ਜਾਗਰੂਕਤਾ ਨੂੰ ਆਪਣੀ ਲੁੱਟ ਲਈ ਘਾਤਕ ਸਮਝਦੇ ਹਨ।ਇਸ ਲਈ ਟੈਲੀਵਿਜ਼ਨ ਵਰਗੇ ਸਾਧਨ ਜਿਸਨੂੰ ਦੇਖਣ ਸੁਨਣ ਲਈ ਦੋ ਗਿਆਨ ਇੰਦਰੀਆਂ ਅੱਖਾਂ ਤੇ ਕੰਨ ਕੰਮ ਕਰਦੇ ਹੋਣ ਕਰਕੇ ਇਹ ਸਾਡੇ ਦਿਲ ਦਿਮਾਗ ਨੂੰ ਬਹੁਤ ਛੇਤੀ ਪ੍ਰਭਾਵਿਤ ਕਰਦੇ ਹਨ ਪਰ ਅਕਸਰ ਕਾਰਪੋਰੇਟ , ਸਰਮਾਏਦਾਰ , ਸੱਤਾ ਤੇ ਕਾਬਜ਼ ਘਰਾਣੇ ਵਿਗਿਆਨ ਦੀਆਂ ਖੋਜਾਂ ਦੇ ਪ੍ਰਚਾਰ ਨੂੰ ਆਪਣੀ ਲੁੱਟ ਲਈ ਖਤਰਨਾਕ ਸਮਝਦੇ ਹਨ।

ਮੈਂ ਰਹੱਸਮਈ ਘਟਨਾ ਦੇ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।ਪਿਛਲੇ ਕਈ ਸਾਲ ਪਹਿਲਾਂ ਦੀ ਗਲ ਹੈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲਹਿਰਾਗਾਗਾ ਕੋਲ ਹਰਿਆਣੇ ਸੂਬੇ ਦੇ ਇੱਕ ਪਿੰਡ ਦਾ ਕੇਸ ਇੱਕ ਗੁਰਦਵਾਰੇ ਸਾਹਿਬ ਦੇ ਪਾਠੀ ਪਵਿੱਤਰ ਸਿੰਘ ਰਾਹੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਹਰੀ ਸਿੰਘ ਤਰਕ (ਹੁਣ ਮਰਹੂਮ) ਕੋਲ ਆਇਆ ਤੇ ਸਾਰੀ ਕਹਾਣੀ ਦੱਸੀ ਕਿ ਸਾਡੇ ਇੱਕ ਰਿਸ਼ਤੇਦਾਰ ਦੀਆਂ ਮਕਾਨ ਦੀਆਂ ਕੰਧਾਂ ਦੇ ਬਾਹਰਲੇ ਪਾਸੇ 'ਤੇ ਖ਼ੂਨ ਦੇ ਛਿੱਟੇ ਆਉਂਦੇ ਹਨ, ਕੁੱਝ ਪਤਾ ਨਹੀਂ ਲਗ ਰਿਹਾ। ਘਰ ਵਾਲੇ ਬੜੇ ਡਰੇ ਹੋਏ ਹਨ ।ਉਹ ਇਸਨੂੰ ਭੂਤਾਂ -ਪ੍ਰੇਤਾਂ ਨਾਲ ਜੋੜ ਰਹੇ ਹਨ ਤੇ ਅਖੌਤੀ ਸਿਆਣਿਆਂ ਦੇ ਚੱਕਰਾਂ ਵਿੱਚ ਪਏ ਹੋਏ ਹਨ ।ਪਵਿੱਤਰ ਸਿੰਘ ਨੇ ਕਿਹਾ ਕਿ ਕਲ ਉਨ੍ਹਾਂ ਮੇਰੇ ਨਾਲ ਗੱਲ ਸਾਂਝੀ ਕੀਤੀ ਹੈ ਤੇ ਮੈਂ ਤਰਕਸ਼ੀਲ ਸੁਸਾਇਟੀ ਕੋਲ ਉਸ ਦੇ ਹਲ ਲਈ ਆਇਆ ਹਾਂ।ਹਰੀ ਸਿੰਘ ਤਰਕ ਨੇ ਮੈਨੂੰ ਆਪਣੇ ਦਫ਼ਤਰ ਬੁਲਾਇਆ ਤੇ ਸਾਰੀ ਗੱਲ ਸਾਂਝੀ ਕੀਤੀ, ਮੈਂ ਸਾਰੀ ਗਲ ਸੁਨਣ ਤੋਂ ਬਾਅਦ ਕਿਹਾ ਕਿ ਆਉਂਦੇ ਐਤਵਾਰ ਨੂੰ ਅਸੀਂ ਪੀੜਿਤ ਪਰਿਵਾਰ ਦੇ ਘਰੇ ਜਾਵਾਂਗੇ, ਤੁਸੀਂ ਸਾਨੂੰ ਲੈ ਜਾਣਾ। ਮੈਂ ਅਗਲੇ ਦਿਨ ਇਕਾਈ ਦੀ ਮੀਟਿੰਗ ਕਰਕੇ ਗਲ ਸਾਂਝੀ ਕੀਤੀ ਤੇ ਐਤਵਾਰ ਨੂੰ ਜਾਣ ਦਾ ਪ੍ਰੋਗਰਾਮ ਬਣਾਇਆ। ਐਤਵਾਰ ਸਵੇਰੇ ਪਵਿਤਰ ਸਿੰਘ ਸਾਨੂੰ ਲੈਣ ਆ ਗਏ ਤੇ ਰਾਣਾ ਸਿੰਘ, ਗੁਰਮੇਲ ਸਿੰਘ,ਹਰੀ ਸਿੰਘ ਤਰਕ ਤੇ ਮੇਰੇ ਸਮੇਤ ਚਾਰ ਮੈਂਬਰੀ ਤਰਕਸ਼ੀਲ ਟੀਮ ਪਵਿੱਤਰ ਸਿੰਘ ਨਾਲ ਪੀੜਤ ਪਰਿਵਾਰ ਦੇ ਘਰ ਪਹੁੰਚੀ।ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਪਰਿਵਾਰਕ ਮੈਂਬਰਾਂ ਨਾਲ ਗੱਲ ਸ਼ੁਰੂ ਕੀਤੀ। ਮਕਾਨ ਦੇ ਮੇਨ ਗੇਟ ਤੋਂ ਅੱਗੇ ਵਿਹੜਾ ਸੀ ਤੇ ਵਿਹੜੇ ਤੋਂ ਬਾਅਦ ਰਿਹਾਇਸ਼ੀ ਕਮਰੇ ਸਨ ਤੇ ਕਮਰਿਆਂ ਦੇ ਦਾਖਲੇ ਵਾਲੀ ਕੰਧ ਦੇ ਮੱਥੇ ਤੇ ਖ਼ੂਨ ਨੁਮਾ ਨਿਸ਼ਾਨ ਸਨ।ਗੱਲ ਬਾਤ ਦੌਰਾਨ ਪਰਿਵਾਰ ਮੁਖੀ ਨੇ ਕਿਹਾ ਕਿ 20-25 ਦਿਨਾਂ ਤੋਂ ਕੰਧ 'ਤੇ ਖ਼ੂਨ ਦੇ ਛਿੱਟੇ ਆਏ ਹਨ। ਸਾਨੂੰ ਕੋਈ ਸਮਝ ਨਹੀਂ ਆ ਰਹੀ, ਅਸੀਂ ਬੜੇ ਚਿੰਤਾ ਤੇ ਡਰ ਵਿੱਚ ਹਾਂ।ਅਸੀਂ ਵਿਗਿਆਨਕ ਤੌਰ ਤੇ ਦੇਖਿਆ ਕਿ ਇਹ ਲਹੂ ਨੁਮਾ ਛਿੱਟੇ ਬੰਦਿਆਂ ਦੀ ਪਹੁੰਚ ਤੋਂ ਬਾਹਰ ਸਨ।ਕੰਧ ਕਾਫੀ ਉੱਚੀ ਹੈ।ਨਿਸ਼ਾਨ ਕੰਧ ਦੇ ਵਿਚਾਲੇ ਸੀ,ਕਿਸੇ ਦਾ ਵੀ ਉਪਰੋਂ ਜਾਂ ਹੇਠਾਂ ਹੱਥ ਨਹੀਂ ਜਾ ਸਕਦਾ ਸੀ । ਬਿਲਕੁਲ ਉਪਰ ਜਾਂ ਬਿਲਕੁਲ ਹੇਠਾਂ




ਭੋਰਾ ਵੀ ਨਿਸ਼ਾਨ ਨਹੀਂ ਸੀ ਜਿਸਤੋਂ ਪਤਾ ਲਗ ਸਕੇ ਕਿ ਕਿਸੇ ਵਿਅਕਤੀ ਨੇ ਉਪਰੋਂ ਜਾਂ ਹੇਠਾਂ ਕੰਧ ਦੇ ਵਿਚਾਲੇ ਲਾਏ ਹੋਣ। ਪੌੜੀ ਤੋਂ ਵੀ ਹੱਥ ਨਹੀਂ ਜਾ ਸਕਦਾ ਸੀ।ਚਿਹਰੇ ਤੋਂ ਵੀ ਕਿਸੇ ਵਿਅਕਤੀ ਤੇ ਸ਼ੱਕ ਨਹੀਂ ਕੀਤਾ ਜਾ ਸਕਿਆ।ਅਸੀਂ ਇਕੱਲੇ ਇਕੱਲੇ ਵਿਅਕਤੀ ਤੋਂ ਅੱਡ ਬਿਠਾ ਕੇ ਗਲ ਕੀਤੀ। ਪਰਿਵਾਰਕ ਮੈਂਬਰ ਅਤੀ ਅੰਧਵਿਸ਼ਵਾਸੀ ਸੀ, ਵਿਗਿਆਨਕ ਸੋਚ ਤੋਂ ਕਾਫੀ ਦੂਰ ਸਨ। ਮਨੋਵਿਗਿਆਨਕ ਤੌਰ ਤੇ ਕੀਤੀ ਪੜਤਾਲ ਤੋਂ ਕਿਸੇ ਪਰਿਵਾਰਕ ਮੈਂਬਰ ਤੇ ਸ਼ੱਕ ਨਹੀਂ ਹੋਇਆ।ਇਹ ਨਿਸ਼ਾਨ ਲਹੂ ਦੇ ਸੀ ਜਾਂ ਕਿਸੇ ਹੋਰ ਚੀਜ਼ ਦੇ , ਪਤਾ ਨਹੀਂ ਲਗ ਸਕਿਆ। ਅਸੀਂ ਸੋਚ ਰਹੇ ਸੀ ਕਿ ਇਹ ਨਿਸ਼ਾਨ ਕੰਧ ਦੇ ਵਿਚਾਲੇ ਕਿਵੇਂ ਲਗ ਸਕਦੇ ਹਨ। ਅਸੀਂ ਵਿਚਾਰ ਕਰਦੇ , ਸੋਚਦੇ ਉਨ੍ਹਾਂ ਦੇ ਵੱਡੇ ਵਿਹੜੇ ਵਿੱਚ ਦਰੱਖਤਾਂ ਹੇਠ ਜਾ ਖੜ੍ਹੇ ਹੋਏ । ਕਈ ਦਰੱਖ਼ਤ ਸ਼ਹਿਤੂਤ ਦੇ ਸਨ, ਤੂਤੀਆਂ ਲੱਗੀਆਂ ਹੋਈਆਂ ਸਨ।ਅਸੀਂ ਉਥੇ ਕੰਧ ਤੇ ਲੱਗੇ ਨਿਸ਼ਾਨ ਵਰਗੇ ਹੇਠਾਂ ਜ਼ਮੀਨ ਤੇ ਨਿਸ਼ਾਨ ਦੇਖੇ। ਮੈਂ ਇੱਕ ਦਮ ਕਿਹਾ ਖ਼ੂਨ ਦੇ ਛਿੱਟਿਆਂ ਵਾਲਾ ਭੂਤ ਫ਼ੜ ਲਿਆ।ਦੇਖੋ ਜ਼ਮੀਨ ਤੇ ਖ਼ੂਨ ਦੇ ਨਿਸ਼ਾਨ ਹਨ ਤੇ ਦਰੱਖ਼ਤ ਉਪਰੋਂ ਆ ਰਹੇ ਹਨ। ਮੈਂ ਕਿਹਾ ਕੰਧ ਤੇ ਖ਼ੂਨ ਦੇ ਨਿਸ਼ਾਨ ਨਹੀਂ, ਪੰਛੀਆਂ ਦੀਆਂ ਵਿੱਠਾਂ ਹਨ।ਪੰਛੀ ਇਹ ਤੂਤੀਆਂ ਖਾਂਦੇ ਹਨ ਤੇ ਉੱਡਦਿਆਂ ਉਨ੍ਹਾਂ ਦੀਆਂ ਵਿੱਠਾਂ ਕੰਧ ਤੇ ਗਿਰ ਗਈਆਂ ਹਨ ਤੇ ਪਰਿਵਾਰ ਵਾਲਿਆਂ ਬਿਨਾਂ ਪੜਤਾਲ ਕੀਤਿਆਂ,ਵਹਿਮੀ ਹੋਣ ਕਰਕੇ ਸੋਚ ਲਿਆ ਇਹ ਖ਼ੂਨ ਦੇ ਛਿੱਟੇ ਹਨ। ਅਸੀਂ ਸਾਰਿਆਂ ਨੇ ਪਵਿੱਤਰ ਸਿੰਘ ਸਮੇਤ ਪਰਿਵਾਰਕ ਮੈਂਬਰਾਂ ਨੂੰ ਬਿਠਾ ਕੇ ਕਿਹਾ ਕਿ ਖ਼ੂਨ ਦੇ ਛਿੱਟਿਆਂ ਵਾਲਾ ਭੂਤ ਫ਼ੜ ਲਿਆ ਹੈ,ਘਰ ਦੇ ਸਾਰੇ ਮੈਂਬਰ ਬੜੇ ਹੈਰਾਨ ਹੋਏ। ਅਸੀਂ ਕਿਹਾ ਇਹ ਪੰਛੀਆਂ ਦੀਆਂ ਵਿੱਠਾਂ ਦੇ ਨਿਸ਼ਾਨ ਹਨ ।ਅਸੀਂ ਉਨ੍ਹਾਂ ਸਾਰਿਆਂ ਨੂੰ ਸ਼ਹਿਤੂਤ ਦੇ ਦਰੱਖ਼ਤ ਹੇਠਾਂ ਲੈ ਗਏ ਤੇ ਕਿਹਾ ਦੇਖੋ ਕਿੰਨੇ ਖ਼ੂਨ ਨੁਮਾ ਨਿਸ਼ਾਨ ਜ਼ਮੀਨ ਤੇ ਹਨ।ਪੰਛੀ ਇਹ ਤੂਤੀਆਂ ਖਾਂਦੇ ਹਨ ਤੇ ਕਿਸੇ ਦਿਨ ਇਨ੍ਹਾਂ ਦੀਆਂ ਵਿੱਠਾਂ ਕੰਧ ਤੇ ਗਿਰ ਗਈਆਂ ਤੇ ਇਹ ਨਿਸ਼ਾਨ ਪੈ ਗਏ। ਤੁਸੀਂ ਖ਼ੂਨ ਦੇ ਨਿਸ਼ਾਨ ਸਮਝ ਲਏ।ਘਰ ਦੇ ਮੈਂਬਰਾਂ ਨੇ ਹਾਂ ਵਿੱਚ ਹਾਂ ਮਿਲਾਈ ਤੇ ਸੁੱਖ ਦਾ ਸਾਹ ਲਿਆ।ਸਾਡੀ ਪਰਖ਼ ਤੋਂ ਪਵਿੱਤਰ ਸਿੰਘ ਸਮੇਤ ਸਾਰੇ ਪਰਿਵਾਰਕ ਮੈਂਬਰ ਬਹੁਤ ਖੁਸ਼ ਹੋਏ । ਪਰਿਵਾਰ ਮੁਖੀ ਵਚਿੱਤਰ ਸਿੰਘ ਨੇ ਕਿਹਾ," ਤੁਸੀਂ ਸਾਨੂੰ ਬਚਾ ਲਿਆ, ਅਸੀਂ ਸਾਰੇ ਬਹੁਤ ਡਰੇ ਹੋਏ ਸੀ, ਇੱਕ ਅਖੌਤੀ ਸਿਆਣੇ ਨੇ ਤਾਂ ਸਾਨੂੰ ਭੂਤਾਂ ਦੇ ਨਿਸ਼ਾਨ ਕਹਿ ਕੇ ਬਹੁਤ ਜ਼ਿਆਦਾ ਡਰਾ ਦਿੱਤਾ ਸੀ, ਤੁਸੀਂ ਸਾਨੂੰ ਭਰਮ ਮੁਕਤ ਕਰਕੇ ਅਖੌਤੀ ਸਿਆਣਿਆਂ ਦੇ ਚੱਕਰਾਂ ਤੋਂ ਬਚਾਅ ਲਿਆ ਜੇ ਅਸੀਂ ਅਖੌਤੀ ਬਾਬਿਆਂ ਦੇ ਡੇਰਿਆਂ ਦੇ ਚੱਕਰਾਂ ਵਿੱਚ ਪੈ ਜਾਂਦੇ ਤਾਂ ਘਰ ਲੁਟਾ ਲੈਂਦੇ ,ਭਲਾ ਹੋਵੇ ਪਵਿੱਤਰ ਸਿੰਘ ਦਾ ਜਿਸ ਤਰਕਸ਼ੀਲ ਸੁਸਾਇਟੀ ਵਾਲਿਆਂ ਨੂੰ ਬੁਲਾ ਲਿਆਂਦਾ, ਜਿਉਂਦੇ ਰਹੋ,ਵਸਦੇ ਰਹੋ।" ਅੰਤ ਵਿੱਚ ਅਸੀਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਕਰਕੇ ਕਿਹਾ ਕਿ ਇਸ ਦੁਨੀਆਂ ਵਿੱਚ ਭੂਤ ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ, ਸੁਣੀਆਂ ਸੁਣਾਈਆਂ ਗੱਲਾਂ ਦਾ ਡਰ ਹੈ ,ਇਥੇ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੇ ਕਾਰਨ ਲੱਭਣਾ, ਸਚਾਈ ਦੀ ਥਹੁ ਤਕ ਜਾਣਾ ਤਰਕਸ਼ੀਲਤਾ ਹੈ ਵਿਗਿਆਨਕ ਵਿਚਾਰ ਹਨ ਸੋ ਸਾਨੂੰ ਅਖੌਤੀ ਸਿਆਣਿਆਂ ਦੇ ਫੈਲਾਏ ਭਰਮ ਜਾਲ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਨਾ ਚਾਹਿਆ। ਸਾਡੇ ਖਰਚੇ ਬਾਰੇ ਪੁੱਛਣ ਤੇ ਮੈਂ ਕਿਹਾ ," ਸਾਡੀ ਕੋਈ ਫੀਸ ਨਹੀਂ,ਸਾਡਾ ਤਾਂ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਹੀ ਸਾਡਾ ਖਰਚਾ ਹੈ , ਸਾਡੀ ਫ਼ੀਸ ਹੈ।"

ਇਸ ਲਈ ਲਾਈਲੱਗਤਾ , ਜਾਦੂ-ਟੂਣੇ, ਧਾਗੇ -ਤਵੀਤਾਂ, ਅੰਧਵਿਸ਼ਵਾਸਾਂ,ਵਹਿਮਾਂ-ਭਰਮਾਂ ਦੀ ਦਲਦਲ ਵਿੱਚੋਂ ਨਿਕਲ ਕੇ ਸੂਝਵਾਨ ਤੇ ਵਿਗਿਆਨਕ ਸੋਚ ਦੇ ਧਾਰਨੀ ਬਣੋ ਤੇ ਦੂਜਿਆਂ ਨੂੰ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਲਿਆਉਣ ਲਈ ਯਤਨਸ਼ੀਲ ਹੋਵੋ। ਅਸੀਂ ਉਨ੍ਹਾਂ ਨੂੰ ਤਰਕਸ਼ੀਲ ਮੈਗਜ਼ੀਨ ਤੇ ਵਿਗਿਆਨਕਾਂ ਵਿਚਾਰਾਂ ਵਾਲੀਆਂ ਪੁਸਤਕਾਂ ਪੜ੍ਹਨ ਦਾ ਸੁਨੇਹਾ ਦੇ ਕੇ ਤੇ ਡਰ ਮੁਕਤ ਕਰਕੇ ਵਾਪਸ ਆ ਗਏ।



**ਮਾਸਟਰ ਪਰਮ ਵੇਦ**
ਜੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
ਅਫ਼ਸਰ ਕਲੋਨੀ ਸੰਗਰੂਰ
9417422349

# ਜਨਾਨੀਆਂ



"ਇਹ ਸਾਰੀਆਂ ਜਨਾਨੀਆਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ। ਕਿਸੇ ਇੱਕ ਦੀ ਕੀ ਗੱਲ ਕਰੀਏ।" ਇੰਨਾ ਕਹਿਕੇ ਮੈਂ ਬਾਥਰੂਮ ਵਿੱਚ ਨਹਾਉਣ ਚਲਾ ਗਿਆ। ਕਿਉਂਕਿ ਹੁਣ ਰੁਕਣਾ ਮੇਰੇ ਲਈ ਖ਼ਤਰੇ ਤੋਂ ਖਾਲੀ ਨਹੀਂ ਸੀ। ਨਹਾਉਂਦੇ ਹੋਏ ਨੂੰ ਮੇਰੇ ਯਾਦ ਆਇਆ ਕਿ ਸਾਡੇ ਪਿੰਡ ਸਾਡੇ ਰਿਸ਼ਤੇਦਾਰੀ ਚੋ ਲਗਦਾ ਇੱਕ ਬਾਬਾ ਮੇਰੇ ਦਾਦਾ ਜੀ ਦੇ ਬਰਾਬਰ ਧੜਵਾਈ ਬਣਨ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਪੰਜ ਰੁਪਏ ਵਿੱਚ ਚਮੜੇ ਦੇ ਪੱਲਿਆਂ ਵਾਲੀ ਇੱਕ ਤੱਕੜੀ ਲੈ ਆਇਆ। ਤਾਂਕਿ ਉਹ ਵੀ ਕਿਸਾਨਾਂ ਦੀ ਫਸਲ ਤੋਲਣ ਦਾ ਕੰਮ ਸ਼ੁਰੂ ਕਰ ਸਕੇ। ਬਾਬੇ ਦੇ ਘਰੋਂ ਜਿਸ ਨੂੰ ਅਸੀਂ ਪਾਪਾ ਹੁਰਾਂ ਦੀ ਰੀਸ ਨਾਲ ਚਾਚੀ ਆਖਦੇ ਸੀ, ਨੇ ਖੂਬ ਕਲੇਸ਼ ਪਾਇਆ। ਉਹ ਬਾਬੇ ਨੂੰ ਬਹੁਤ ਅਵਾ ਤਵਾ ਬੋਲੀ ਤੇ ਦੂਸਰਿਆਂ ਲਈ ਬਾਹਲੇ ਗੁੱਸੇ ਵਾਲਾ ਬਾਬਾ ਘਰੇ ਮੋਮ ਬਣ ਗਿਆ। ਇਹ ਇਕੱਲੇ ਬਾਬੇ ਦੀ ਗੱਲ ਨਹੀਂ, ਬਹੁਤੇ ਘਰਾਂ ਵਿੱਚ ਜਨਾਨੀਆਂ ਆਪਣੀ ਪੁਗਾਉਂਦੀਆਂ ਹਨ ਅਤੇ ਬੰਦੇ ਵਿਚਾਰੇ ਘਰ ਚ ਸ਼ਾਂਤੀ ਰੱਖਣ ਲਈ ਚੁੱਪ ਕਰ ਜਾਂਦੇ ਹਨ। ਮੈਂ ਵੇਖਦਾ ਕਿ ਕਈ ਵਾਰੀ ਮੇਰੀ ਵੱਡੀ ਭੂਆ ਵੀ ਫੁਫੜ ਤੇ ਹਾਵੀ ਹੋ ਜਾਂਦੀ ਤੇ ਛੋਟੀ ਵੀ ਕੋਈ ਕਸਰ ਨਾ ਛੱਡਦੀ। ਬਾਹਰ ਦੀ ਕੀ ਗੱਲ ਕਰਨੀ ਮੇਰੀ ਮਾਂ ਵੀ ਕਈ ਵਾਰੀ ਆਪਣੀ ਪਗਾਉਣ ਦੀ ਕੋਸ਼ਿਸ਼ ਕਰਦੀ ਪ੍ਰੰਤੂ ਪਾਪਾ ਜੀ ਦਾ ਸੁਭਾਅ ਸਖਤ ਸੀ ਤੇ ਉਹ ਇੱਕ ਨਾ ਸੁਣਦੇ। ਪ੍ਰੰਤੂ ਮੇਰੀ ਮਾਂ ਵੀ ਆਪਣੀ ਹਿੰਡ ਨਾ ਛੱਡਦੀ। ਉਹ ਲੜਾਈ ਵਾਲੀ ਗੱਲ ਨੂੰ ਨਾ ਛੱਡਦੀ ਵਾਰ ਵਾਰ ਦੁਹਰਾਉਂਦੀ ਰਹਿੰਦੀ ਤੇ ਓਹੀ ਆਦਤਾਂ ਉਸਨੇ ਅੱਗੇ ਆਪਣੀ ਵਿਰਾਸਤ ਵਿੱਚ ਦਿੱਤੀਆਂ। ਅੱਜ ਕਲ੍ਹ ਤਾਂ ਚਲਦੀ ਹੀ ਇਹਨਾਂ ਦੀ ਹੈ। ਬੰਦੇ ਤਾਂ ਵਿਚਾਰੇ ਟਾਈਮ ਟਪਾਉਂਦੇ ਹਨ। ਸਾਡੀ ਸੰਸਥਾ ਮੁਖੀ ਵੀ ਘਰ ਦੇ ਸਾਰੇ ਫੈਸਲੇ ਖੁਦ ਹੀ ਕਰਦੀ ਉਸਦੇ ਘਰ ਵਾਲਾ ਮਾਉਂ ਬਣਿਆ ਰਹਿੰਦਾ। ਮੇਰੀ ਵੱਡੀ ਮਾਸੀ ਵੀ ਮਾਸੜ ਨੂੰ ਟਿੱਚ ਜਾਣਦੀ। ਉਹ ਵਿਚਾਰਾ ਬਥੇਰਾ ਕਲਪਦਾ। ਸਾਰਾ ਦਿਨ ਸਖਤ ਮਿਹਨਤ ਕਰਦਾ ਪਰ ਘਰ ਬਾਰ ਮਾਸੀ ਹੀ ਚਲਾਉਂਦੀ।

"ਔਰਤ ਕੀ ਚਾਹੁੰਦੀ ਹੈ?" ਇੱਕ ਰਾਜੇ ਨੇ ਆਪਣੇ ਵਜ਼ੀਰ ਨੂੰ ਪੁੱਛਿਆ ਤੇ ਸਹੀ ਜਵਾਬ ਨਾ ਆਉਣ ਦੀ ਸੂਰਤ ਵਿੱਚ ਫਾਂਸੀ ਦੀ ਸਜ਼ਾ ਦੀ ਧਮਕੀ ਵੀ ਦਿੱਤੀ। ਵਜ਼ੀਰ ਨੂੰ ਇੱਕ ਸਾਲ ਦੀ ਭਕਾਈ ਤੋਂ ਬਾਅਦ ਉਸਦਾ ਸਹੀ ਉੱਤਰ ਨਾ ਮਿਲਿਆ। ਫਿਰ ਇੱਕ ਚੂੜੇਲ ਮਿਲੀ ਜੋ ਆਪਣੀ ਮਰਜ਼ੀ ਨਾਲ ਪਰੀ ਅਤੇ ਚੂੜੇਲ ਬਣ ਸਕਦੀ ਸੀ। ਵਜ਼ੀਰ ਨਾਲ ਵਿਆਹ ਕਰਾਉਣ ਦੀ ਸ਼ਰਤ ਤੇ ਉਸਨੇ ਦੱਸਿਆ ਕਿ ਔਰਤ ਸਿਰਫ ਆਪਣੀ ਮਰਜ਼ੀ ਕਰਨਾ ਚਾਹੁੰਦੀ ਹੈ। ਵਜ਼ੀਰ ਨੇ ਇਹੀ ਜਵਾਬ ਰਾਜੇ ਨੂੰ ਦਿੱਤਾ ਜਿਸ ਕਰਕੇ ਉਸਦੀ ਜਾਨ ਖਲਾਸੀ ਹੋਈ।

ਕੁਝ ਕੁ ਸਖਤ ਮਿਜਾਜ਼ ਅਤੇ ਜਾਲਮ ਪਤੀਆਂ ਨੂੰ ਛੱਡਕੇ ਜਿੱਥੇ ਬਰਾਬਰੀ ਜਾਂ ਨਰਮੀ ਵਾਲਾ ਮਾਹੌਲ ਹੋਵੇ ਔਰਤ ਜੋ ਚਾਹੁੰਦੀ ਹੈ ਓਹੀ ਕਰਦੀ ਹੈ। ਮਨ ਮਰਜੀ ਕਰਨ ਦੀ ਉਹ ਹਰ ਕੀਮਤ ਚਕਉਣ ਨੂੰ ਤਿਆਰ ਰਹਿੰਦੀ ਹੈ। ਬੇਸ਼ਕ ਹਾਲਾਤ ਮੁਤਾਬਿਕ ਉਸਨੂੰ ਸਮਝੌਤਾ ਵੀ ਕਰਨਾ ਪਵੇ ਪ੍ਰੰਤੂ ਉਹ ਆਪਣੀ ਹਿੰਡ ਨਹੀਂ ਛੱਡਦੀ।

ਇਹ ਲਿਖਣ ਦਾ ਇਹ ਮਤਲਬ ਨਹੀਂ ਹੈ ਕਿ ਔਰਤ ਨੂੰ ਦਬਾਕੇ ਰੱਖਿਆ ਜਾਵੇ। ਉਸਨੂੰ ਉਸਦੇ ਅਧਿਕਾਰ, ਹੱਕ, ਆਜ਼ਾਦੀ ਸਭ ਕੁੱਝ ਮਿਲਣਾ ਚਾਹੀਦਾ ਹੈ। ਪਰ ਉਸਦੇ ਇਹ ਹੱਕ ਆਦਮੀ ਦੀ ਆਜ਼ਾਦੀ ਵਿੱਚ ਵਿਘਨ ਨਾ ਪਾਉਣ। ਨਾ ਉਸਨੂੰ ਗੁਲਾਮ ਬਣਾਉਣ। ਔਰਤ ਨੂੰ ਗੁਲਾਮ ਸਮਝਣਾ ਵੀ ਗਲਤ ਹੈ। ਔਰਤ ਨਾ ਤਾਂ ਅਮਰੀਕਾ ਦੇ ਰਾਸ਼ਟਰਪਤੀ ਵਾਂਗੂ ਤਾਕਤਵਰ ਹੋਣੀ ਚਾਹੀਦੀ ਹੈ ਤੇ ਨਾ ਹੀ ਭਾਰਤ ਦੇ ਰਾਸ਼ਟਰਪਤੀ ਵਾਂਗੂ ਰਬੜ ਦੀ ਮੋਹਰ। ਘਰ ਦੇ ਮਰਦ ਨੇ ਬਾਹਰ ਸਮਾਜ ਵਿੱਚ ਵਿਚਰਨਾ ਹੁੰਦਾ ਹੈ। ਉਸ ਕੋਲ੍ਹ ਮੋਦੀ ਵਾਂਗੂ ਫੈਸਲੇ ਲੈਣ ਦੀ ਤਾਕਤ ਹੋਣੀ ਚਾਹੀਦੀ ਹੈ ਪਰ ਇੰਨੀ ਤਾਕਤ ਵੀ ਨਾ ਹੋਵੇ ਕਿ ਉਹ ਚੋਣ ਕਮਿਸ਼ਨ, ਨਿਆਂ ਪਾਲਿਕਾ ਸਮੇਤ ਸਭ ਆਜ਼ਾਦ ਅਦਾਰਿਆਂ ਨੂੰ ਆਪਣੀ ਜੇਬ ਵਿੱਚ ਰੱਖੇ।

ਕਈ ਵਾਰੀ ਔਰਤਾਂ ਨੂੰ ਦਿੱਤੀ ਬਾਹਲੀ ਆਜ਼ਾਦੀ ਨਾਲ ਘਰ ਦੀ ਸ਼ਾਨ ਓਦੋਂ ਖਤਰੇ ਵਿੱਚ ਆ ਜਾਂਦੀ ਹੈ ਜਦੋਂ ਉਹ ਪੇਕਿਆਂ ਦੇ ਅੰਨ੍ਹੇ ਸਮਰਥਨ ਨਾਲ ਘਰ ਦੀ ਸੁਚਾਰੂ ਵਿਵਸਥਾ ਨੂੰ ਬਾਹਰੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਉਣ ਲੱਗਦੀ ਹੈ। ਦਿਲ ਦੀ ਭੜਾਸ ਅਤੇ ਚੁਗਲੀ ਬਹੁਤ ਕਰੀਬੀ ਜਿਹੇ ਸ਼ਬਦ ਹਨ। ਜਦੋਂ ਘਰ ਦੀ ਇਹ ਅਖੌਤੀ ਮਾਲਕਿਨ ਘਰ ਦੀਆਂ ਗੱਲਾਂ ਦੀ ਭੜਾਸ ਬਾਹਰਲਿਆਂ ਕੋਲ੍ਹ ਕੱਢਦੀ ਹੈ ਤੇ ਉਸਦੀਆਂ ਇਹ ਆਮ ਜਿਹੀਆਂ ਗੱਲਾਂ ਹੀ ਚੁਗਲੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਤੇ ਪਰਿਵਾਰ ਵਿੱਚ ਅਸ਼ਾਂਤੀ ਬੇਪ੍ਰਤੀਤੀ ਦਾ ਮਾਹੌਲ ਬਣ ਜਾਂਦਾ ਹੈ।

ਔਰਤ ਨੂੰ ਆਜ਼ਾਦ ਨਹੀਂ ਮਰਦ ਦਾ ਸਹਿਯੋਗੀ ਬਣਕੇ ਵਿਚਰਨਾ ਚਾਹੀਦਾ ਹੈ। ਇਹ ਸਮੇਂ ਦੀ ਮੰਗ ਹੈ। ਤੇਰ ਮੇਰ ਦੇ ਚੱਕਰ ਨੂੰ ਖਤਮ ਕਰਦੇ ਹੋਏ 'ਆਪਣੇ' ਤੇ ਜੋਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਤਾ ਹੀ ਨਹੀਂ ਲੱਗਿਆ ਕਿ ਮੈਂ ਕਦੋ ਸ਼ੇਵ ਕੀਤੀ, ਕਦੋ ਨ੍ਹਾਤਾ ਤੇ ਕਦੋਂ ਕਪੜੇ ਪਾਕੇ ਬਾਹਰ ਆ ਗਿਆ। ਬਾਹਰ ਨਿਕਲਦੇ ਹੀ ਮੈਨੂੰ ਇੱਕ ਦਮ ਖਿਆਲ ਆਇਆ ਕਿ ਮੇਰੇ ਬੋਲੋ ਸ਼ਬਦਾਂ ਤੇ ਪ੍ਰਤੀਕਿਰਿਆਂ ਆਉਣੀ ਤੇ ਅਜੇ ਬਾਕੀ ਹੈ। ਪ੍ਰੰਤੂ ਉਹ ਤੇ ਪੋਤੀ ਦੀ ਪੋਟੀ ਚ ਉਲਝ ਗਈ ਸੀ। ਫਿਰ ਕਾਹਦੀ ਪ੍ਰਤੀਕਿਰਿਆਂ ਕਾਹਦਾ ਰੀਐਕਸ਼ਨ।



**ਰਮੇਸ਼ ਸੇਠੀ ਬਾਦਲ**
**9876627233**

# ਕੌਣ ਆਖੇ ਰਾਣੀ ਅੱਗਾ ਢੱਕ

ਨਵੰਬਰ ਮਹੀਨਾ ਪੰਜਾਬੀ ਭਾਸ਼ਾ ਦੇ ਨਾਂ ਤੇ ਮਨਾਇਆ ਜਾਂਦਾ ਹੈ,ਸਤਾਰਾਂ ਅਠਾਰਾਂ ਨਵੰਬਰ ਨੂੰ ਅੰਮ੍ਰਿਤਸਰ ਸਾਹਿਬ ਆਉਣਾ ਸੀ, ਪੋਸਟਰ ਵੇਖਿਆ ਮਨ ਖੁਸ਼ ਹੋਇਆ ਅਤੇ ਸੋਚਿਆ ਮੌਕਾ ਬਹੁਤ ਵਧੀਆ ਹੈ ਮੈਂ ਆਪਣੀ ਪੁਸਤਕ ਵੀ ਰਿਲੀਜ਼ ਕਰਾ ਲਵਾਂਗੀ।

ਮੈਂ ਭਾਸ਼ਾ ਦਫਤਰ ਫੋਨ ਕੀਤਾ ਕਿ ਕਿ ਅਸੀਂ ਦਰਬਾਰ ਸਾਹਿਬ ਮੱਥਾ ਟੇਕਣ ਆ ਰਹੇ ਹਾਂ ਤੇ ਜੇ ਮੇਰੀ ਪੁਸਤਕ ਰਿਲੀਜ਼ ਕਰ ਦਿਓ ਤਾਂ ਮੇਰੇ ਲਈ ਬੜੀ ਮਾਣ ਵਾਲੀ ਗੱਲ ਹੋਵੇਗੀ ਕਿਉਂਕਿ ਇੱਕ ਪੁਸਤਕ ਮੈਂ ਲਾਹ ਪਾਹ ਪੁਸਤਕ ਸੋਹਣ ਸਿੰਘ ਸੀਤਲ ਲਾਈਬਰੇਰੀ ਵਿੱਚ ਰਿਲੀਜ਼ ਕਰਵਾਈ ਸੀ ਤੇ ਉਸ ਵੇਲੇ ਮੁੱਖ ਮਹਿਮਾਨ ਸਨ, ਡਾਕਟਰ ਪਰਮਜੀਤ ਸਿੰਘ ਕਲਸੀ ਤੇ ਮੇਰੇ ਕੋਲ ਉਹਨਾਂ ਦਾ ਨੰਬਰ ਸੀ, ਸੋ ਮੈਂ ਉਹਨਾਂ ਨੂੰ ਸੰਪਰਕ ਕੀਤਾ।ਪਰ ਇੱਕ ਜਵਾਬ ਨੇ ਮੈਨੂੰ ਸੁੰਨ ਕਰ ਦਿੱਤਾ ਜਦੋਂ ਸੁਣਨ ਨੂੰ ਮਿਲਿਆ ਕਿ ਕਿਤਾਬ ਰਿਲੀਜ਼ ਕਰ ਦੇਵਾਂਗੇ, ਤੁਸੀਂ ਇਸ ਤਰਾਂ ਕਰਨਾ ਸੱਤ ਅੱਠ ਲੋਈਆਂ ਕੋਈ ਮੁੱਖ ਮਹਿਮਾਨ ਦਾ ਵੀ ਪ੍ਰੋਗਰਾਮ ਕਰਨਾ ਪੈਣਾ ਹੈ ਤੇ ਚਾਹ ਪਾਣੀ ਦਾ ਵੀ ਕਰ ਲੈਣਾ ਮਤਲਬ ਚਾਹ ਦੇ ਨਾਲ ਬਿਸਕੁਟ ਵਗੈਰਾ ਹੋ ਜਾਣ ਮੈਨੂੰ ਇੰਜ ਲੱਗਾ ਜਿਵੇਂ ਮੈਂ ਕਿਸੇ ਦੇ ਘਰ ਜਾਣਾ ਹੋਵੇ ਤੇ ਆਪਣਾ ਤਾਂ ਖਾਣ ਪੀਣ ਦਾ ਸਮਾਨ ਆਪਣੇ ਲਈ ਤਾਂ ਲੈ ਕੇ ਜਾਣਾ ਹੀ ਹੈ ਤੇ ਜਿਨ੍ਹਾਂ ਦੇ ਘਰ ਜਾਣਾ ਹੈ ਉਨ੍ਹਾਂ ਦਾ ਵੀ ਲੈ ਕੇ ਜਾਣਾ ਹੈ, ਨਾਲ ਹੀ ਆਖਿਆ ਸੱਤ ਅੱਠ ਕੁ ਹਜ਼ਾਰ ਰੁਪਏ ਦਾ ਖਰਚਾ ਹੋ ਸਕਦੈ। ਮਨ ਨੂੰ ਬਹੁਤ ਠੇਸ ਲੱਗੀ, ਸੋਚਿਆ ਸਾਡੇ ਵਰਗਿਆਂ ਨਾਲੋਂ ਤਾਂ ਉਹੀ ਚੰਗੇ ਨੇ ਜਿਨਾਂ ਨੂੰ ਪੈਂਤੀ ਵੀ ਨਹੀਂ ਆਉਂਦੀ ਤੇ ਸਤਿਕਾਰੇ ਜਾਂਦੇ ਹਨ,ਜੇ ਲੇਖਕ ਨੇ ਆਪ ਹੀ ਸਭ ਕਰਨਾ ਹੈ, ਤਾਂ ਸਰਕਾਰ ਖ਼ਰਚਾ ਨਹੀਂ ਕਰਦੀ, ਫੇਰ ਤਾਂ ਬੜੀ ਮਾਣ ਵਾਲੀ ਗੱਲ ਹੈ ਕਿ ਕਿ ਜਗ੍ਹਾ ਜਗ੍ਹਾ ਤੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਵਾਸਤੇ ਆਪਣੇ ਆਪ ਹੀ ਲੋਕ ਪ੍ਰੋਗਰਾਮ ਕਰਵਾ ਰਹੇ ਹਨ, ਇਹ ਤਾਂ ਬਹੁਤ ਹੀ ਵੱਡੀ ਤੇ ਸੋਹਣੀ ਗੱਲ ਹੈ ਇੰਨਾ ਉਤਸ਼ਾਹ ਤਾਂ ਹੈ ਲੋਕਾਂ ਵਿੱਚ, ਜਿਹੜੇ ਆਪਣੇ ਆਪ ਵਿੱਚ ਹੀ ਲੱਗੇ ਹੋਏ ਹਨ, ਬਿਨ੍ਹਾਂ ਸਰਕਾਰੀ ਸਹਾਇਤਾ ਦੇ।



**ਕੰਵਲਜੀਤ ਕੌਰ ਜੁਨੇਜਾ**
**ਰੋਹਤਕ।**

ਸਮਾਜ ਵੀਕਲੀ ਨਿਊਜ਼

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com